Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਮਾਰਚ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂੰਹ ਪੰਜਾਬੀਆਂ ਨੂੰ ਹੋਲੇ-ਮਹੱਲੇ ਦੀ ਲੱਖ-ਲੱਖ ਵਧਾਈ !









## ਹੋਲਾ-ਮਹੱਲਾ ਸ੍ਰੀ ਅਨੰਦਪੁਰ ਸਾਹਿਬ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਖ਼ਾਲਸੇ ਦਾ ਹੋਲਾ ਮਹੱਲਾ



ਹੋਲੇ ਮਹੱਲੇ ਦੇ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਹਨ। 'ਹੋਲਾ' ਤੇ 'ਮਹੱਲਾ' ਦੋ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਤੇ 'ਮਹੱਲਾ' ਫਾਰਸ਼ੀ ਭਾਸ਼ਾ ਦਾ ਸ਼ਬਦ ਹੈ। ਦਸਮੇਸ਼ ਪਿਤਾ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ, ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਉਨ੍ਹਾਂ ਨੂੰ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਚਰਨ ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ ਪ੍ਰਚਲਿਤ ਕੀਤਾ ਅਤੇ ਅਜ਼ਾਦੀ ਪ੍ਰਾਪਤ ਕਰਨ, ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਨ੍ਹਾਂ ਦੇ ਰੀਤੀ ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਾਜਣਾ ਕਰ ਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਕੀਤੀ ਅਤੇ ਸਿੱਖ ਨੂੰ ਇਕ ਵੱਖਰੀ ਪਹਿਚਾਣ ਦਿੱਤੀ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰ ਜੀ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਕਈ ਵਾਰ ਸਮੇਂ ਦੀਆਂ ਸਰਕਾਰਾਂ ਖ਼ਾਲਸੇ ਦੀ ਚੜ੍ਹਦੀ ਕਲਾ ਨੂੰ ਨਾ ਸਹਾਰਦੀਆਂ ਹੋਈਆਂ ਵੀ ਖ਼ਾਲਸੇ ਨਾਲ ਸਮਝੌਤੇ ਕਰਦੀਆਂ ਰਹੀਆਂ ਹਨ। ਜਿਵੇਂ ਕਿ 1748ਈ: ਵਿਚ ਜਲੰਧਰ ਦੇ ਫੌਜਦਾਰ ਅਦੀਨਾ ਬੇਗ ਨੇ ਸੁਲਤਾਨ-ਉੱਲ-ਕੌਮ ਨਵਾਬ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਪਰ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮੁਗਲਾਂ ਦੀ ਸਮਝੌਤੇ ਦੀ ਆੜ ਵਿਚ ਬੇਈਮਾਨੀ ਲੁੱਕੀ ਹੋਈ ਹੈ, ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਜੀ ਨੇ ਅਦੀਨਾ ਬੇਗ ਨੂੰ ਲਿਖਿਆ "ਮੁਲਾਕਾਤ ਤਾਂ ਹਮਰੀ ਤੁਮਰੀ ਲੜਾਈ ਮੇਂ ਹੀ ਹੋਵੇਗੀ। ਔਰ ਜੋਨ ਸੇ ਹਥਿਆਰ ਊਹਾਂ ਛੂਟੇਂਗੇ, ਸੋਈ ਦਿਲ ਕੀ ਬਾਤਾਂ ਜ਼ਾਹਰ ਹੋਵੇਂਗੀਆਂ।" ਇਸ ਵਰਣਨ ਤੋਂ ਸਿੰਘਾਂ ਦੀ ਚੜ੍ਹਦੀ ਕਲਾ ਦੀ ਸੰਖੇਪ ਜਿਹੀ ਝਲਕ ਜ਼ਰੂਰ ਮਿਲ ਜਾਂਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਸੂਰਮਤਾਈ ਨਾਲ ਜੋੜਿਆ। ਮਹੱਲੇ ਮੌਕੇ ਗੁਰੂ ਜੀ ਸਿੰਘਾਂ ਵਿਚ ਜੰਗਜੂ ਲੜਾਈਆਂ ਕਰਵਾਉਂਦੇ ਅਤੇ ਜਿੱਤਣ ਵਾਲੇ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦੇ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਚਰਨ ਗੰਗਾ ਦੇ ਮੈਦਾਨ ਵਿਚ ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲੇ-ਮਹੱਲੇ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਏ। ਅਤਰ ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਦੀ ਤਰ੍ਹਾਂ ਖਿੜ ਗਿਆ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆ ਤਾਂ ਸਭ ਦੀ ਆਤਮਾ ਖਿੜ ਗਈ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ-ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਸਗੋਂ ਸ਼ਕਤੀ ਤੇ ਜ਼ੋਰ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਸਾਲ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਛੋਹ ਪ੍ਰਾਪਤ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਦੀਵਾਨ ਸਜਦੇ ਹਨ, ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਕੱਢਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ-ਸ੍ਰੋਤ ਹੈ। ਆਓ ! ਹੋਲੇ ਮਹੱਲੇ ਦੇ ਇਸ ਇਤਿਹਾਸਕ ਮੌਕੇ 'ਤੇ ਲੋਕ ਸੇਵਾ ਅਤੇ ਦੇਸ਼ ਦੀ ਤਰੱਕੀ ਲਈ ਇਸ ਲਹਿਰ ਨੂੰ ਪ੍ਰਚੰਡ ਕਰੀਏ।

ਭਗਵਾਨ ਸਿੰਘ ਲੁਬਾਣਾ

ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181

## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your
name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦ ਘਣਾ॥**
**ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥**

**ਮਾਘ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 14-03-2025 (ਸ਼ੁੱਕਰਵਾਰ)**
**ਸੰਗਰਾਂਦ - 14-03-2025 (ਸ਼ੁੱਕਰਵਾਰ)**
**ਮੱਸਿਆ - 29-03-2025 (ਸ਼ਨੀਵਾਰ)**

## ਤਤਕਰਾ

ਜਿਲਦ ਨੰ. 41 | ਅੰਕ - 141 | ਮਾਰਚ - 2025


1. ਖ਼ਾਲਸੇ ਦਾ ਹੋਲਾ ਮਹੱਲਾ 4
2. ਹੋਲੀ ਕੀਨੀ ਸੰਤ ਸੇਵ॥ ਰੰਗ ਲਾਲਾ ਅਤਿ ਲਾਲ ਦੇਵ॥ 6
3. ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ 8
4. ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 10
5. ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ 12
6. ਲਾਹੌਰ ਸੈਂਟਰਲ ਜੇਲ੍ਹ ਵਿਚਲਾ ਫਾਂਸ਼ੀ ਦਾ ਤਖ਼ਤਾ 15
7. ਪ੍ਰਦੂਸ਼ਣ ਇੱਕ ਸਮੱਸਿਆ 16
8. ਜੀਵਨ ਵਿਕਾਸ - ਇਕ ਸੰਘਰਸ਼ 17
9. ਸਾਡੀ ਮਾਂ ਬੋਲੀ ਪੰਜਾਬੀ 19
10. ਪੰਜਾਬੀ ਦੇ ਲਹਿਜੇ 20
11. ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ 22
12. ਬਹੁਤਾ ਕਰਮੁ ਲਿਖਿਆ ਨਾ ਜਾਇ॥ ਅੰਗ-5 24
13. ਗੁਰ ਸਾਗਰ ਦੇ ਸੁੱਚੇ ਮੋਤੀ 25
14. 'ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ' 26
15. ਨਾਟਕ ਹੀ ਨਾਟਕ 29
16. ਕਿੱਧਰ ਗਈਆਂ ਚਾਟੀਆਂ ਤੇ ਮਧਾਣੀਆਂ? 30
17. ਅਮਰੀਕਾ ਤੋਂ ਗ਼ੈਰ ਕਾਨੂੰਨੀ ਕਾਮਿਆਂ ਦੀ ਘਰਾਂ ਨੂੰ ਵਾਪਸੀ 31
18. ਲੁਬਾਣਾ ਬਰਾਦਰੀ ਦੀ ਮਾਨਮੱਤੀ ਧੀ ਗੂਗਲ ਇੰਡੀਆ ਦੀ ਕੰਟਰੀ ਮੈਨੇਜਰ... 32
19. ਤੀਆਂ 33
20. ਸਿਹਤ ਸੰਭਾਲ 35
21. ਕਾਵਿ-ਕਿਆਰੀ 36
22. अनमोल वचन 38
23. Matrimonial 39
24. ਦਾਨੀ ਸੱਜਣਾਂ ਦੀ ਸੂਚੀ 40
25. ਦਾਨੀ ਸੱਜਣਾਂ ਦੀ ਸੂਚੀ 40


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਉਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

**Printed & Published by**
**Bhagwan Singh Lubana for Baba Makhan Shah Lobana Foundation (Regd.) Sector 30-A, Chandigarh.**

Computer Designing - Walia Enterprises, M.: 98153-78692

### ਹੋਲੇ-ਮਹੱਲੇ ’ਤੇ ਵਿਸ਼ੇਸ਼

# ਖ਼ਾਲਸੇ ਦਾ ਹੋਲਾ ਮਹੱਲਾ


**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਉਂਡੇਸ਼ਨ**
**ਚੰਡੀਗੜ੍ਹ**
**98155-40240**






ਭਾਰਤ ਤਿਉਹਾਰਾਂ ਦਾ ਦੇਸ਼ ਹੈ ਅਤੇ ਖਾਲਸਾ ਪੰਥ ਇਨ੍ਹਾਂ ਵਿੱਚੋਂ ਕਈ ਤਿਉਹਾਰਾਂ ਨੂੰ ਆਪਣੀ ਪਛਾਣ ਨਾਲ ਜੋੜ ਕੇ ਨਿਵੇਕਲੇ ਢੰਗ ਨਾਲ ਮਨਾਉਂਦਾ ਹੈ ਜਿਵੇਂ ‘ਹੋਲੀ’ ਦੀ ਥਾਂ ਖਾਲਸਾ ਪੰਥ ‘ਹੋਲਾ ਮਹੱਲਾ’ ਅਤੇ ਦੀਵਾਲੀ ਦੀ ਥਾਂ ਬੰਦੀ ਛੋੜ ਦਿਵਸ ਮਨਾਉਂਦਾ ਹੈ। ਹੋਲੇ ਮਹੱਲੇ ਦਾ ਅਰੰਭ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਗੜ੍ਹ ਦੇ ਸਥਾਨ ’ਤੇ ਕੀਤਾ। ਹੋਲਾ ਮਹੱਲਾ ਮਨਾਉਣ ਦਾ ਮੰਤਵ ਗੁਰਸਿੱਖਾਂ ਅੰਦਰ ‘ਫਤਹਿ’ ਦੇ ਅਨੁਭਵ ਨੂੰ ਹੋਰ ਦ੍ਰਿੜ੍ਹ ਕਰਨਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦੇਸ਼ ਦੀ ਜਨਤਾ ਖਾਸ ਕਰਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਵਿਚ ਨਵਾਂ ਉਤਸ਼ਾਹ, ਨਿਡਰਤਾ ਅਤੇ ਨਿਰਭੈਤਾ ਭਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਆਦੇਸ਼ ਜਾਰੀ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਮਨਾਉਣ ਦੇ ਪ੍ਰੰਪਰਾਗਤ ਤਰੀਕਿਆਂ ਤੋਂ ਹਟ ਕੇ ਹੋਲਾ ਮਹੱਲਾ ਵਿਲੱਖਣ ਰੂਪ ’ਚ ਮਨਾਉਣ ਦੀ ਰਵਾਇਤ ਅਰੰਭ ਕੀਤੀ ਅਤੇ ਇਸ ਤਿਉਹਾਰ ਨੂੰ ਬੁਲੰਦੀਆਂ ’ਤੇ ਪਹੁੰਚਾਉਣ ਲਈ ਨਵੇਂ ਅਰਥ ਦਿੱਤੇ ਤੇ ਨਵੇਂ ਢੰਗ ਤਰੀਕੇ ਅਪਨਾਏ।


ਮੌਸਮੀ ਤਬੀਦਲੀ ਦੇ ਪੱਖ ਤੋਂ ਹੋਲੀ ਬਸੰਤ ਰੁੱਤ ਦੇ ਆਗਮਨ, ਖੇੜੇ ਤੇ ਖੁਸ਼ੀਆਂ ਦਾ ਤਿਉਹਾਰ ਹੋਣ ਕਰਕੇ ਵਿਸ਼ੇਸ਼ ਸਥਾਨ ਰੱਖਦੀ ਹੈ। ਪੱਤਝੜ ਤੋਂ ਬਾਅਦ ਬਸੰਤ ਰੁੱਤ ਆਉਂਦੀ ਹੈ ਅਤੇ ਸਾਰੇ ਪਾਸੇ ਖੇੜਾ ਹੀ ਖੇੜਾ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਹ ਤਿਉਹਾਰ ਸਿਮਰਨ, ਸਤਿਸੰਗ ਤੇ ਸੇਵਾ ਵਿਚ ਜੁੜ ਕੇ ਹੀ ਮਨਾਉਣ ਦਾ ਉਪਦੇਸ਼ ਦਿੱਤਾ।

ਖਾਲਸਾ ਪਰਮਾਤਮਾ ਦੀ ਮੌਜ ਦਾ ਸਾਕਾਰ ਰੂਪ ਹੈ ਜਿਸ ਨੂੰ ਸੁਹਜ ਅਤੇ ਸਾਜ਼ ਦਸਵੇਂ ਪਾਤਸ਼ਾਹ ਜੀ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਬਖਸ਼ੀ ਹੈ। ਇਸ ਲਈ ਇਸ ਦੀ ਹਰ ਕ੍ਰਿਆਤਮਿਕ ਗਤੀਵਿਧੀ ਚੜ੍ਹਦੀ ਕਲਾ ਅਤੇ ਰੂਹਾਨੀਅਤ ਵਿਚ ਭਿੱਜੀ ਪੇਸ਼ ਹੁੰਦੀ ਹੈ। ਦਸਵੇਂ ਪਾਤਸ਼ਾਹ ਜੀ ਨੇ ਖਾਲਸੇ ਨੂੰ ਮੇਲਿਆਂ, ਇਕੱਠਾਂ ਵਿਚ ਮੌਜ ਮਸਤੀ ਜਾਂ ਵਕਤ ਗੁਜ਼ਾਰੀ ਲਈ ਇਕੱਤਰ ਹੋਣ ਦੀ ਪ੍ਰੇਰਨਾ ਨਹੀਂ ਦਿੱਤੀ ਬਲਕਿ ਇਨ੍ਹਾਂ ਇਕੱਠਾਂ ਨੂੰ ਸਤਿਸੰਗਤ ਦੀ ਰੂਹਾਨੀਅਤ ਨਾਲ ਰੂਹ ਦੀ ਚੜ੍ਹਦੀ ਕਲਾ ਅਤੇ ਆਨੰਦ ਦੇ ਸੋਮੇ ਵਜੋਂ ਸਥਾਪਤ ਕੀਤਾ ਹੈ। ਗੁਰੂ ਖਾਲਸੇ ਦੇ ਪੁਰਬ, ਤਿਉਹਾਰ, ਯਾਦਗਾਰੀ ਸਾਕੇ, ਖਾਲਸਾ ਪੰਥ ਨੂੰ ਨਵੀਂ ਚੇਤਨਾ ਅਤੇ ਰੱਬੀ ਸਰੂਰ ਨਾਲ ਭਰਦੇ ਹਨ। ਉਹ ਆਪਣੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅੰਦਰ ਜੁੜ ਕੇ ਰੱਬੀ ਗੁਣਾਂ ਨਾਲ ਸਾਂਝ ਪਾਉਣ ਲਈ ਤਾਂਘ ਲੈ ਕੇ ਉਤਸ਼ਾਹਿਤ ਨਜ਼ਰ ਆਉਂਦੇ ਹਨ।

ਹੋਲਾ ਮਹੱਲਾ ਖਾਲਸੇ ਦਾ ਬੜੀ ਚੜ੍ਹਦੀ ਕਲਾ ਦਾ ਪੁਰਬ ਹੈ ਜੋ ਬਸੰਤ ਰੁੱਤ ਵਿਚ ਹੋਲੀ ਤੋਂ ਅਗਲੇ ਦਿਨ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ। ਇਸ ਦਿਨ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫੌਜੀ ਕਵਾਇਦਾਂ ਜਾਂ ਮਸ਼ਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਹੁਣ ਇਹ ਤਿੰਨ ਦਿਨਾਂ ਦਾ ਤਿਉਹਾਰ ਬਣ ਗਿਆ ਹੈ ਜੋ ਹੋਲੀ ਤੋਂ ਇਕ ਦਿਨ ਪਹਿਲਾਂ ਅਤੇ ਇਕ ਦਿਨ ਬਾਅਦ (ਫੱਗਣ ਸੁਦੀ ਚੌਦਾਂ ਤੋਂ ਚੇਤਰ ਵਦੀ ਇਕ ਤਕ) ਵਿਸ਼ੇਸ਼ ਤੌਰ ’ਤੇ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦੀ ਸ਼ੁਰੂਆਤ ਕਲਗੀਧਰ ਪਾਤਸ਼ਾਹ ਜੀ ਨੇ ਹੋਲਗੜ੍ਹ ਕਿਲ੍ਹੇ ’ਤੇ ਦੀਵਾਨ ਲਗਾ ਕੇ ਸੰਮਤ 1757 ਚੇਤ ਵਦੀ 1 ਨੂੰ ਕੀਤੀ। ਇਸ ਨੂੰ ਹੋਲਾ ਮਹੱਲਾ ਨਾਮ ਦਿੱਤਾ। ਹੋਲਾ ਮਹੱਲਾ ਦੇ ਅਰਥ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਇਸ ਨੂੰ ਹਮਲਾ ਅਤੇ ਜਾਯ ਹਮਲਾ ਕਹਿੰਦੇ ਹਨ। ਉਨ੍ਹਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਸ਼ਸਤਰ ਅਤੇ ਯੁੱਧ ਵਿੱਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ। ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੀ ਅਗਵਾਈ ਹੇਠ ਇਕ ਖਾਸ ਸਥਾਨ ’ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਪਾਤਸ਼ਾਹ ਆਪ ਇਸ ਮਸਨੂਈ ਜੰਗ ਦਾ ਕਰਤਬ ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਿਆ ਦਿੰਦੇ ਸੀ, ਅਰ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪੇ ਬਖਸ਼ਦੇ ਸਨ।



ਹੋਲਾ ਮਹੱਲਾ ਭਾਵੇਂ ਤਿਉਹਾਰ ਵਾਂਗੂੰ ਮਨੋਰੰਜਨ ਦ੍ਰਿਸ਼ਾਂ ਜਾਂ ਰੁਝੇਵਿਆਂ ਪ੍ਰਤੀ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ ਪਰ ਇਸ ਦਾ ਅਸਲ ਰੂਪ ਗਹਿਰੀ ਸਿਆਣਪ ਅਤੇ ਦੂਰਅੰਦੇਸ਼ੀ ਦੀ ਸੂਖਮ ਸੂਝ ਦਾ ਪ੍ਰਗਟਾਵਾ ਕਰਦਾ ਹੈ। ਗੁਰੂ ਸਾਹਿਬ ਖਾਲਸੇ ਲਈ ਆਮ ਦੁਨਿਆਵੀ ਧਰਾਤਲ ਦੀ ਸਥੂਲ ਵੰਨ-ਸੁਵੰਨਤਾ ਅਤੇ ਮਨਪ੍ਰਚਾਵੇ ਵਾਲੀ



ਪਰੰਪਰਾਗਤ ਰੀਤ ਨੂੰ ਨਵੇਂ ਵਿਕਾਸਮਈ ਅਤੇ ਵਿਸਮਾਦਮਈ ਮਾਹੌਲ ਵਿਚ ਸਿਰਜ ਕੇ ਇਸ ਨੂੰ ਮਨੁੱਖਤਾ ਦਾ ਨਿਰਭਉ ਅਤੇ ਨਿਰਵੈਰ ਬਾਦਸ਼ਾਹ ਬਣਾਉਣਾ ਚਾਹੁੰਦੇ ਹਨ। ਹੋਲਾ ਮਹੱਲਾ ਕੋਈ ਮਨਪ੍ਰਚਾਵੇ ਵਾਲਾ ਮੇਲਾ ਨਹੀਂ, ਇਸ ਪਿੱਛੇ ਗੁਰੂ ਪਾਤਸ਼ਾਹ ਜੀ ਦੀ ਜੋ ਸੋਚ ਸੀ ਉਸ ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਡਾ ਰਤਨ ਸਿੰਘ ਜੱਗੀ ਕਹਿੰਦੇ ਹਨ ਇਹ ਅਸਲ ਵਿਚ, ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇਕ ਬਣਾਵਟੀ ਯੁੱਧ ਹੁੰਦਾ ਸੀ। ਸੈਨਿਕਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਵੀ ਕਈ ਰੂਪ ਹੁੰਦੇ ਸਨ। ਮੁੱਖ ਤੌਰ ’ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ ਉਸ ਨੂੰ ਇਨਾਮ ਅਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇਕ ਦਲ ਨੂੰ ਲੋਹਗੜ੍ਹ ਉਤੇ ਕਾਬਜ਼ ਦੱਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਤੋਂ ਕਿਲ੍ਹਾ ਖੋਹਣ ਦਾ ਉਦਮ ਕਰਦੇ। ਜਿੱਤਣ ਵਾਲੇ ਦਲ ਨੂੰ ਖੂਬ ਇਨਾਮ ਦਿੱਤੇ ਜਾਂਦੇ। ਗੁਰੂ ਪਾਤਸ਼ਾਹ ਜੀ ਨੇ ਖਾਲਸੇ ਨੂੰ ਜਿਸ ਅਮੀਰੀ ਨਾਲ ਭਰਿਆ ਹੈ ਉਸ ਦੀ ਤੁਲਨਾਤਮ ਵੰਨਗੀ ਲੱਭਣੀ ਬਹੁਤ ਮੁਸ਼ਕਿਲ ਹੈ। ਇਸ ਬਾਰੇ ਵਿਚਾਰ ਦਾ ਕਾਰਨ ਬੜਾ ਸਪਸ਼ਟ ਹੈ ਖਾਲਸਾ ਪਰਮਾਤਮਾ ਦੀ ਮੌਜ ’ਚੋਂ ਪਰਮਾਤਮਾ ਰਾਹੀਂ ਪ੍ਰਗਟ ਹੋਇਆ ਪ੍ਰਤੱਖ ਪਰਮਾਤਮਾ ਹੀ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਪਰਮਾਤਮਾ ਆਪਣੇ ਕਿਸੇ ਖਾਸ ਅਸੂਲ ਨੂੰ ਬੜੀ ਸੰਜੀਦਗੀ ਨਾਲ ਗੁਰੂ ਸਾਹਿਬ ਰਾਹੀਂ ਧਰਤੀ ’ਤੇ ਪ੍ਰਗਟ ਕਰ ਰਿਹਾ ਹੈ। ਧਰਤੀ ਇਬਾਦਤੀ ਅਦਬ ਵਿਚ ਪ੍ਰਭੂ ਤੇ ਇਹ ਚੋਜ, ਚੋਜੀ ਪ੍ਰੀਤਮ ਰਾਹੀਂ ਆਪਣੇ ਵਿਹੜੇ ਵਾਪਰਦੇ ਵੇਖ ਕੇ ਵਿਸਮਾਦਿਤ ਹੁੰਦੀ ਹੈ। ਬਨਸਪਤੀ, ਚੰਨ, ਸੂਰਜ, ਤਾਰੇ, ਪਹਾੜ, ਪੰਛੀ ਸਭ ਇਸ ਵਿਸਮਾਦੀ ਵਰਤਾਰੇ ਨਾਲ ਪ੍ਰਭਾਵਿਤ ਹੋਏ ਪ੍ਰਤੀਤ ਹੁੰਦੇ ਹਨ। ਬਸੰਤ ਦੇ ਆਗਮਨ ਨਾਲ ਬਨਸਪਤੀ ਮਉਲ ਉਠੀ, ਮਨ ਮਉਲਿਆ, ਸਾਰਾ ਬ੍ਰਹਿਮੰਡ ਹੀ ਆਨੰਦਿਤ ਅਤੇ ਖਿੜਿਆ ਦਿੱਸ ਆਉਂਦਾ ਹੈ। ਮਨੁੱਖੀ ਸੁਭਾਅ ਮਚਲਦਾ ਆਪਣੇ ਆਪ ਨੂੰ ਕਿਸੇ ਰੰਗ ਵਿਚ ਰੰਙਣ ਲਈ ਲਲਚਾਉਂਦਾ ਆਪਣੀ ਸੌੜੀ ਸਮਝ ਕਰਕੇ ਬਾਹਰੀ ਸ਼ੋਖ ਰੰਗਾਂ ਵਿਚ ਆਪਾ ਰੰਗ ਕੇ ਆਪਣੇ ਅੰਦਰੂਨੀ ਭਾਵ ਪ੍ਰਗਟ ਕਰਦਾ ਝੂਮਰ ਪਾਉਂਦਾ ਹੈ। ਸਮੇਂ ਦੇ ਗੁਜ਼ਰਨ ਨਾਲ ਧਰਤੀ ’ਤੇ ਸਥਾਪਤ ਮਰਿਆਦਾਵਾਂ ਵਿਚ ਸੁਭਾਵਿਕ ਪਰਿਵਰਤਨ ਆਉਂਦਾ ਹੈ। ਉਸ ਨਾਲ ਕਈ ਵਾਰ ਅਸਲ ਧੁੰਧਲਾ ਜਾਂਦਾ ਹੈ ਤੇ ਨਕਲ ਆਪਣਾ ਨਵਾਂ ਰੂਪ ਨਵੇਂ ਤਰੀਕੇ ਨਾਲ ਪੇਸ਼ ਕਰਦੀ ਹੈ। ਚੇਤੰਨ ਕੌਮਾਂ ਨੂੰ ਆਪਣੇ ਵਿਰਸੇ ਪ੍ਰਤੀ ਵਫਾਦਾਰੀ ਵਾਸਤੇ ਨਕਲ ਤੋਂ ਸਾਵਧਾਨੀ ਲਾਜ਼ਮੀ ਹੈ। ਖਾਲਸਾ ਪੰਥ ਨੂੰ ਮੌਜੂਦਾ ਸਮੇਂ ਵਿਚ ਬੜੀ ਜਾਗਰਤੀ ਨਾਲ ਗੁਰਪੁਰਬ ਅਤੇ ਤਿਉਹਾਰ ਮਨਾਉਣ ਦਾ ਉਦਮ ਜਾਰੀ ਰੱਖਣਾ ਚਾਹੀਦਾ ਹੈ। ਗੁਰੂ ਸਾਹਿਬ ਦੀ ਬਖਸ਼ੀ ਖਾਲਿਸ ਰਹਿਨੁਮਾਈ ਨੂੰ ਖਾਲਿਸ ਰੂਪ ਵਿਚ ਹੀ ਕ੍ਰਿਆਤਮਿਕਤਾ ਦੇਣੀ ਚਾਹੀਦੀ ਹੈ। ਇਸ ਵਿੱਚੋਂ ਰੂਹਾਨੀਅਤ ਅਤੇ ਦਾਨਿਸ਼ਪੁਣਾ ਝਲਕਣਾ ਲਾਜ਼ਮੀ ਹੈ। ਖਾਲਸੇ ਨੇ ਰੱਬੀ ਸਰੂਰ ਵਿਚ ਰੰਗੀਜ ਕੇ ਸੂਰਬੀਰਤਾ ਹਾਸਲ ਕਰਨੀ ਹੈ ਅਤੇ ਆਪਣੀ ਤਾਕਤ ਨੂੰ ਸਰਬੱਤ ਦੇ ਭਲੇ ਲਈ ਖਰਚਣਾ ਆਪਣਾ ਪਰਮ ਉਦੇਸ਼ ਸਮਝਣਾ ਹੈ।

# ਹੋਲੀ ਕੀਨੀ ਸੰਤ ਸੇਵ ॥ ਰੰਗ ਲਾਗਾ ਅਤਿ ਲਾਲ ਦੇਵ ॥



ਹਿੰਦੁਸਤਾਨ ਵਿਚ ਹਰੇਕ ਰੁੱਤ ਬਦਲਣ ਤੇ ਆਪਣੀਆਂ ਦਿਲੀ ਭਾਵਾਂ ਦਾ ਪ੍ਰਗਟਾਵਾ ਕਰਨ ਹਿੱਤ ਕਈ ਤਰ੍ਹਾਂ ਦੇ ਤਿਉਹਾਰ ਮਨਾਏ ਜਾਂਦੇ ਹਨ। ਹਰ ਤਰ੍ਹਾਂ ਦੀ ਭਾਵਨਾ ਨਾਲ ਕੋਈ ਨਾ ਕੋਈ ਤਿਉਹਾਰ ਜੁੜਿਆ ਹੈ ਜਾਂ ਇਹ ਕਹਿ ਲਵੋ ਕਿ ਹਰ ਤਿਉਹਾਰ ਕਿਸੇ ਭਾਵਨਾ ਨੂੰ ਦਰਸਾਉਂਦਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਰਦੀ ਦੀ ਰੁੱਤ ਦੇ ਖਾਤਮੇ ਵੱਲ ਨੂੰ ਜਾਣ ਦਾ ਅਤੇ ਬਸੰਤ ਰੁੱਤ ਦੀ ਸ਼ੁਰੂਆਤ ਦੀ ਪ੍ਰਤੀਕ ਹੋਲੀ ਦਾ ਤਿਉਹਾਰ ਪੂਰੇ ਉਤਰੀ ਤੇ ਪੂਰਬੀ ਭਾਰਤ ਵਿਚ ਪੂਰੇ ਜ਼ੋਰ-ਸ਼ੋਰ ਨਾਲ ਪ੍ਰਾਚੀਨ ਸਮੇਂ ਤੋਂ ਮਨਾਇਆ ਜਾਂਦਾ ਹੈ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਹੋਲੀ ਦੇ ਮਹੱਤਵ ਨੂੰ ਆਪਣੀ ਬਾਣੀ ਵਿਚ ਦਰਸਾਇਆ ਹੈ। ਪ੍ਰਭੂ ਦੀ ਭਗਤੀ ਨੂੰ, ਦੁਨਿਆਵੀ ਰੰਗਾਂ ਦੀ ਹੋਲੀ ਦਾ ਆਨੰਦ ਮਾਣਦੇ ਹੋਏ ਪ੍ਰਮਾਤਮਾ ਨਾਲ ਮਿਲਾਪ ਦਾ ਆਨੰਦ ਪ੍ਰਾਪਤ ਕਰਨ ਦੀ ਜੁਗਤੀ ਦੱਸੀ ਹੈ –

**ਗੁਰੂ ਸੇਵਉ ਕਰਿ ਨਮਸਕਾਰ ਆਜ ਹਮਾਰੈ ਮੰਗਲਚਾਰ**
**ਆਜ ਹਮਾਰੈ ਮਹਾ ਆਨੰਦ ਚਿੰਤ ਲਥੀ ਭੇਟੇ ਗੋਬਿੰਦ**
**ਆਜ ਹਮਾਰੈ ਗ੍ਰਿਹ ਬਸੰਤ ਗੁਨ ਗਾਏ ਪ੍ਰਭ ਤੁਮ ਬੇਅੰਤ**
**ਆਜ ਹਮਾਰੈ ਬਨੇ ਫਾਗ ਪ੍ਰਭ ਸੰਗੀ ਮਿਲਿ ਖੇਲਨ ਲਾਗ**
**ਹੋਲੀ ਕੀਨੀ ਸੰਤ ਸੇਵ ਰੰਗ ਲਾਗਾ ਅਤਿ ਲਾਲ ਦੇਵ।**

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਸਮਾਜ ਵਿਚੋਂ ਗ਼ੁਲਾਮੀ, ਪ੍ਰਾਧੀਨਤਾ ਨੂੰ ਕੱਢ ਕੇ ਨਵੀਂ ਇਨਕਲਾਬੀ ਰੂਹ ਫੂਕਣਾ ਚਾਹੁੰਦੇ ਸਨ। ਲੋਕਾਂ ਵਿਚ ਗੁਲਾਮੀ ਵਿਚ ਰਹਿ ਕੇ ਛੋਟੇ ਸੁਖ ਸਾਧਨਾ ਦੀ ਪ੍ਰਾਪਤੀ ਤੱਕ ਨੂੰ ਹੀ ਜੀਵਨ ਸਮਝਣ ਦਾ ਸਮਝੌਤਾ ਕਰ ਲਿਆ ਗਿਆ ਹੋਇਆ ਸੀ। ਸਦੀਆਂ ਤੋਂ ਮਜ਼ਲੂਮ ਬਣ ਕੇ ਤਰਸਯੋਗ ਹਾਲਤ ਵਿਚ ਜਿਊਣ ਨਾਲ ਹੀ ਇਨ੍ਹਾਂ ਲੋਕਾਂ ਨੇ ਸਮਝੌਤਾ ਕਰ ਲਿਆ ਸੀ। ਗੁਰੂ ਜੀ ਨਿਘਰ ਚੁੱਕੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਤੇ ਉਨ੍ਹਾਂ ਨੂੰ ਪਰ ਨਿਰਭਰਤਾ ਅਤੇ ਡਰ ਵਿਚੋਂ ਕੱਢਣਾ ਚਾਹੁੰਦੇ ਸਨ ਇਸੇ ਲਈ ਗੁਰੂ ਸਾਹਿਬ ਨੇ ਬਦਲਾਅ ਲਿਆਉਣ ਲਈ ਇਕ ਪ੍ਰਚੰਡ ਲਹਿਰ ਪੈਦਾ ਕਰਨ ਲਈ ਸੰਘਰਸ਼ ਅਤੇ ਅਜ਼ਾਦੀ ਦੇ ਅਹਿਸਾਸ ਨਾਲ ਨਿੱਜ ਬੱਲ ਤੇ ਵਿਸ਼ਵਾਸ ਰੱਖ ਕੇ ਸ਼ਾਸ਼ਤਰਾਂ ਦੇ ਜ਼ੋਰ ਨਾਲ ਭੈ ਅਤੇ ਨਿਰਭਰਤਾ ਦੀ ਜ਼ਿੰਦਗੀ ਵਿਚੋਂ ਨਿਕਲ ਕੇ ਆਜ਼ਾਦ ਹੋਂਦ ਵਿਚ ਸਵੈਮਾਣ ਲਈ ਸੰਘਰਸ਼ ਕਰਨਾ, ਮੰਨ ਵਿਚੋਂ ਮੌਤ ਦਾ ਭੈਅ ਕੱਢ ਕੇ ਹਥਿਆਰਬੰਦ ਘੋਲ ਰਾਹੀਂ ਆਜ਼ਾਦੀ ਦੇ ਸੰਘਰਸ਼ ਲਈ ਸੂਰਮਿਆਂ ਵਾਂਗੂੰ ਤੁਰ ਪੈਣ ਦਾ ਰਾਹ ਦੱਸਣ ਲਈ ਇਕ ਕ੍ਰਾਂਤੀਕਾਰੀ ਲਹਿਰ ਦਾ ਮੁੱਢ ਬੰਨ੍ਹਿਆ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
98141-28181






ਇਸ ਸਭ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਲਈ ਕਈ ਨਵੇਂ ਢੰਗ ਤਰੀਕੇ ਤੇ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖਾਂ ਦੀ ਚੜ੍ਹਦੀ ਕਲਾ ਵਾਲੇ ਬੋਲ ਵੀ ਦਿੱਤੇ। ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨ ਵਿਚ ਬੁਲੰਦ ਹੌਂਸਲੇ ਰੱਖਣ ਦਾ ਸੰਕਲਪ ਦਿੱਤਾ ਗਿਆ। ਹੋਲੀ ਨੂੰ ਹੋਲੇ ਦਾ ਨਾਮ ਦੇਣਾ ਵੀ ਗੁਰੂ ਦਾ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਦਾ ਪ੍ਰਤੀਕ ਹੀ ਸੀ।

ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਜ਼ਿਕਰ ਕੀਤਾ ਹੈ-

**ਸ਼ਸਤ੍ਰਨਿ ਕੇ ਅਧੀਨ ਹੈ ਰਾਜ।**
**ਜੋ ਨ ਸਰਹਿ ਤਿਸ ਬਿਗਰਿਤ ਕਾਜ।**
**ਯਾਂ ਤੇ ਸਰਬ ਖਾਲਸਾ ਸੁਨੀਅਹਿ।**
**ਅਯੁਧ ਧਰਿਬੇ ਉਤਮ ਗਨੀਅਹ।**
**ਜਬਿ ਹਮਰੇ ਦਰਸ਼ਨ ਕੋ ਆਵਹੁ।**
**ਬਨਿ ਸੁਚੇਤ ਤਨ ਸ਼ਸਤ ਸਜਾਵਹੁ।**
**ਕਮਰਕੱਸਾ ਕਰਿ ਦੇਹਿ ਦਿਖਾਈ।**
**ਹਮਰੀ ਖੁਸ਼ੀ ਹੋਇ ਅਧਿਕਾਈ।**

ਗੁਰੂ ਜੀ ਨੇ ਸਮੇਂ ਅਨੁਸਾਰ ਅੰਦਰੂਨੀ ਸ਼ਕਤੀ ਦਾ ਬਾਹਰੋਂ ਦਿਖਣਾ ਵੀ ਜ਼ਰੂਰੀ ਕਰ ਵਿਖਾਇਆ। ਮਨੁੱਖ ਨੂੰ ਅੰਦਰੂਨੀ ਬਲ ਦੇ ਨਾਲ-ਨਾਲ ਬਾਹਰੀ ਤੌਰ ਤੇ ਵੀ ਬਲਵਾਨ ਬਨਾਉਣ ਦਾ ਸੰਕਲਪ ਲਿਆ। ਇਸ ਸਭ ਕਾਸੇ ਲਈ ਸ਼ਸਤਰਾਂ ਦਾ ਸਹੀ ਉਪਯੋਗ ਕਰਨ ਤੇ ਜ਼ੋਰ ਦਿੱਤਾ। ਇਸੇ ਪਰਿਵਰਤਨ ਤਹਿਤ ਖਾਲਸ ਪੰਥ ਵਿਚ ਹੋਲੀ ਦੀ ਥਾਂ ਹੋਲਾ-ਮੁਹੱਲਾ ਮਨਾਉਣ ਦਾ ਨਿਰਾਲਾ ਸੰਕਲਪ ਸ਼ੁਰੂ ਕੀਤਾ ਗਿਆ।

ਹੋਲੀ ਦੇ ਤਿਉਹਾਰ ਨੂੰ ਸ਼ਸਤਰ ਵਿੱਦਿਆ ਅਤੇ ਸ਼ਸਤਰਾਂ ਦੇ ਕਰਤੱਬਾਂ ਨਾਲ ਜੋੜ ਦਿੱਤਾ ਗਿਆ। ਇਸੇ ਲਈ ਸਿੱਖਾਂ ਵਿਚ ਸ਼ਾਸਤਰਾਂ ਨੂੰ ਪੀਰ ਕਿਹਾ ਗਿਆ ਹੈ। ਸ਼ਸਤਰ, ਰਾਜ ਸ਼ਕਤੀ, ਰਾਜ ਵਿਸਥਾਰ ਵਿਵਸਥਾ ਲਈ ਬੜਾ ਜ਼ਰੂਰੀ ਅੰਗ ਹਨ।

ਗੁਰੂ ਸਾਹਿਬ ਹੋਲੇ-ਮਹੱਲੇ ਵਾਲੇ ਦਿਨ ਖ਼ਾਲਸੇ ਨੂੰ ਦੋ ਧੜਿਆਂ ਵਿਚ ਵੰਡ ਕੇ ਫਰਜ਼ੀ ਯੁੱਧ ਕਰਵਾਉਂਦੇ। ਇਕ ਨਿਸ਼ਚਿਤ ਸਥਾਨ ਤੇ ਇਕ ਦਲ ਦੇ ਕਬਜ਼ੇ ਨੂੰ ਦੂਜਾ ਦਲ ਹਮਲਾ ਕਰਕੇ ਯੁੱਧ ਕਰਕੇ ਫਤਿਹ ਕਰਨ ਦੀ ਕੋਸ਼ਿਸ਼ ਕਰਦਾ। ਪੂਰਾ ਯੁੱਧ ਸੱਚੀ ਦੇ ਯੁੱਧ ਵਾਂਗ ਲੜਿਆ ਜਾਂਦਾ। ਨਗਾਰੇ ਵੱਜਦੇ, ਤਲਵਾਰਾਂ ਖੜਕਦੀਆਂ, ਜੈਕਾਰੇ ਵੱਜਦੇ ਜਿੱਤ ਪ੍ਰਾਪਤ ਹੋਣ ਤੇ ਪੂਰੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ, ਗੁਰੂ ਜੀ ਆਪਣਾ ਦਰਬਾਰ ਸਜਾ ਕੇ ਸਿਰੋਪਾਓ ਬਖਸ਼ਿਸ਼ ਕਰਦੇ। ਹੁਣ ਦੇ ਸਮੇਂ ਵਿਚ ਇਹੋ ਖੁਸ਼ੀਆਂ ਮਨਾਉਣਾ ਜਲੂਸ ਦੀ ਸ਼ਕਲ ਵਿਚ ਪ੍ਰਚਲਤ ਹੋ ਗਿਆ ਹੈ। ਜੇਤੂ ਦਲ ਸਮੇਤ ਬਾਕੀ ਸਾਰੇ ਨਿਹੰਗ ਸਿੰਘ ਫੌਜੀ ਸਜ ਧਜ ਕੇ ਹਥਿਆਰਾਂ ਨਾਲ ਲੈਸ ਹੋ ਕੇ ਇਸ ਜਲੂਸ ਵਿਚ ਸ਼ਾਮਲ ਹੁੰਦੇ ਹਨ। ਸਾਰਿਆਂ ਨੂੰ ਗੁਲਾਲ ਲਗਾਇਆ ਜਾਂਦਾ ਹੈ। ਦੀਵਾਨ ਸੱਜਦੇ ਹਨ, ਕਥਾ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਘੋੜ ਸਵਾਰੀ ਤੇ ਗਤਕੇਬਾਜ਼ੀ ਦਾ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ।

ਹੋਲੀ ਦਾ ਸੰਬੰਧੀ ਭਗਤ ਪ੍ਰਹਿਲਾਦ ਨਾਲ ਜੋੜਿਆ ਜਾਂਦਾ ਹੈ। ਪ੍ਰਹਿਲਾਦ ਦਾ ਪਿਤਾ ਰਾਜਾ ਹਰਨਾਕਸ਼ ਨੇ ਆਪਣੇ ਪੁੱਤਰ ਨੂੰ ਉਸ ਦੀ ਪੂਜਾ ਕਰਨ ਦੀ ਬਜਾਏ ਪ੍ਰਮਾਤਮਾ ਦੀ ਪੂਜਾ ਕਰਨ ਦੀ ਜਿੱਦ ਕਾਰਨ ਸਬਕ ਸਿਖਾਉਣ ਲਈ ਆਪਣੀ ਭੈਣ ਹੋਲਿਕਾ ਜਿਸ ਨੂੰ ਅੱਗ ਵਿਚ ਨਾ ਸੜਨ ਦਾ ਵਰ ਮਿਲਿਆ ਹੋਇਆ ਸੀ, ਦੀ ਗੋਦ ਵਿਚ ਬਿਠਾ ਕੇ ਪ੍ਰਹਿਲਾਦ ਨੂੰ ਸਾੜ ਕੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਪ੍ਰੰਤੂ ਪ੍ਰਹਿਲਾਦ ਦੀ ਜਗ੍ਹਾ ਪ੍ਰਮਾਤਮਾ ਦੇ ਹੁਕਮ ਨਾਲ ਹੋਲਿਕਾ ਸੜ ਗਈ ਅਤੇ ਪ੍ਰਹਿਲਾਦ ਬਚ ਗਿਆ ਸੀ। ਅੱਜ ਦੇ ਸਮੇਂ ਵਿਚ ਵੀ ਸਮਾਜ ਵਿਚ ਬਹੁਤ ਕੁਰੀਤੀਆਂ ਪੈਦਾ ਹੋ ਗਈਆਂ ਹਨ। ਜੋ ਸਮੁੱਚੀ ਮਨੁੱਖਤਾ ਤੇ ਖਾਸਕਰ ਸਿੱਖ ਧਰਮ ਨੂੰ ਬੜਾ ਖੋਰਾ ਲਗਾ ਰਹੀਆਂ ਹਨ। ਅੱਜ ਭਰੂਣ ਹੱਤਿਆ, ਨਸ਼ੇ, ਵਾਤਾਵਰਨ ਦੀ ਖਰਾਬੀ, ਦਹੇਜ ਪ੍ਰਥਾ ਅਜਿਹੀਆਂ ਬੀਮਾਰੀਆਂ ਸਮਾਜ ਨੂੰ ਲੱਗ ਗਈਆਂ ਹਨ ਜਿਨ੍ਹਾਂ ਤੋਂ ਖਹਿੜਾ ਛੁਡਾਉਣਾ ਹੁਣ ਬਹੁਤ ਜ਼ਰੂਰੀ ਹੋ ਗਿਆ ਹੈ। ਅਜੋਕੇ ਸਮੇਂ ਵਿਚ ਸਿੱਖ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਨੂੰ ਸੰਸਾਰ ਦੇ ਪ੍ਰਸੰਗ ਵਿਚ ਪੇਸ਼ ਕਰਨ ਦੀ ਬੜੀ ਲੋੜ ਹੈ।

ਸਿੱਖ ਕੌਮ ਨੂੰ ਦੁਨੀਆਂ ਦੀਆਂ ਦੂਜੀਆਂ ਸਫਲ ਕੌਮਾਂ ਦੇ ਮੁਕਾਬਲੇ ਆਪਣੇ ਅਮੀਰ ਵਿਰਸੇ ਅਤੇ ਸਰਬਸਾਂਝੀਵਾਲਤਾ ਦੀ ਵਿਚਾਰਧਾਰਾ ਅਨੁਸਾਰ ਸਿੱਖੀ ਦੇ ਆਸ਼ੇ ਉਸ ਨੂੰ ਮਨਸ਼ੇ ਨੂੰ ਸਾਕਾਰ ਅਤੇ ਪ੍ਰਾਪਤ ਕਰਨ ਲਈ ਸਮੁੱਚੀ ਸਿੱਖ ਕੌਮ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਤਾਂ ਹੀ ਅਸੀਂ ਦਸਮ ਪਿਤਾ ਕਲਗੀਧਰ ਪਾਤਸ਼ਾਹ ਦੇ ਉਦੇਸ਼ ਨੂੰ ਪ੍ਰਾਪਤ ਕਰ ਸਕਾਂਗੇ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਚੜ੍ਹਦੀ ਕਲਾ ਦਾ ਪ੍ਰਤੀਕ : ਹੋਲਾ-ਮਹੱਲਾ

ਗਿਆਨੀ ਹਰਬੰਸ ਸਿੰਘ ਨਿਰਮਲ

**ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਸਤੇ ਕਈ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖ ਬੋਲੇ ਵੀ ਚੜ੍ਹਦੀ ਕਲਾ ਵਾਲੇ ਦਿੱਤੇ ਜਿਨ੍ਹਾਂ ਨੂੰ 'ਸਿੰਘ-ਬੋਲਿਆਂ' ਦੇ ਨਾਮ ਹੇਠ ਯਾਦ ਕੀਤਾ ਜਾਂਦਾ ਹੈ।... ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨਾਂ 'ਚ ਹੌਸਲੇ ਬੁਲੰਦ ਰੱਖੇ ਤੇ ਨਾਦਰ, ਅਬਦਾਲੀ ਦੇ ਪੈਰ ਉਖਾੜ ਕੇ ਰੱਖ ਦਿੱਤੇ। ਹੋਲੀ ਨੂੰ 'ਹੋਲੇ' ਦਾ ਨਾਮ ਦੇਣਾ, ਇਹ ਵੀ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।**



ਹਰੇਕ ਤਿਉਹਾਰ ਦੇ ਮਨਾਉਣ ਪਿੱਛੇ ਕੋਈ ਨਾ ਕੋਈ ਭਾਵਨਾ ਜ਼ਰੂਰ ਹੁੰਦੀ ਹੈ। ਤਿਉਹਾਰ ਮਨਾਉਂਦਿਆਂ ਇਹ ਖਿਆਲ ਰੱਖਣਾ ਚਾਹੀਦਾ ਕਿ ਕਿਤੇ ਅਸੀਂ ਰਸਮੀ ਤੌਰ 'ਤੇ ਤਾਂ ਨਹੀਂ ਮਨਾ ਰਹੇ!

ਹੋਲੀ ਦਾ ਤਿਉਹਾਰ ਚੇਤ ਸੁਦੀ ਏਕਮ ਨੂੰ ਆਉਂਦਾ ਹੈ ਜੋ ਕਿ ਇਕ ਹਿੰਦੂ ਤਿਉਹਾਰ ਹੀ ਮੰਨਿਆ ਜਾਂਦਾ ਹੈ। 'ਹੋਲੀ' ਸ਼ਬਦ 'ਹੋਰੀ' ਤੋਂ ਪ੍ਰਚਲਤ ਹੋਇਆ ਹੈ। ਹੋਲਿਕਾ (ਢੂੰਡਾ), ਪ੍ਰਹਿਲਾਦ ਦੀ ਭੂਆ ਸੀ। ਇਹ ਤਿਉਹਾਰ ਹੌਲੀ-ਹੌਲੀ ਸ਼ੋਰ-ਸ਼ਰਾਬੇ, ਗੰਦ-ਮੰਦ ਬੋਲਣ, ਸ਼ਰਾਬ ਆਦਿ ਨਸ਼ੇ ਪੀਣ ਤਕ ਹੀ ਸੀਮਤ ਹੋ ਚੁੱਕਾ ਸੀ:

**ਮੇਲੇ ਇਸੀ ਹੇਤ ਕੋ ਬਨੇ।**
**ਇਕ ਤੌ ਲਾਭ ਲੇਨਿ ਕੋ ਆਵੈਂ।**
**ਸਤਿ ਪੁਰਸ਼ਨਿ ਕੇ ਦਰਸਨ ਪਾਵੈਂ॥੧੯॥**
**ਮੱਜਹਿਂ ਤੀਰਥ ਕੋ ਉਤਸਾਹੂ।**
**ਆਵੈਂ ਸਭਿਨਿ ਮਹੋਛਯਾਂ ਮਾਂਹੂ।...**
**ਹਿੰਦੁਨਿ ਕੇ ਦਿਨ ਹੋਲਿ ਦਿਵਾਲੀ।**
**ਇੱਤਯਾਦਿਕ ਦਿਨ ਚਲਹਿ ਕੁਚਾਲੀ॥੨੭॥**
**ਬਿਨਾ ਲਾਜ ਤੇ ਹੁਇ ਨਰ ਨਾਰੀ।**
**ਕਰਹਿਂ ਖਰਾਬਾ ਕਾਢਤਿ ਗਾਰੀ।**

**(ਗੁਰਪ੍ਰਤਾਪ ਸੂਰਜ, ਰੁਤ ੩, ਅੰਸੂ ੩੩)**

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੧੮੦ 'ਤੇ ਗੁਰੂ ਅਰਜਨ ਸਾਹਿਬ ਜੀ ਵਲੋਂ 'ਹੋਲੀ' ਸ਼ਬਦ ਨੂੰ ਦੋ ਰੂਪਾਂ ਵਿਚ ਵਰਤਿਆ ਹੈ ਇਕ ਸਤਰ ਵਿਚ 'ਫਾਗ' ਤੇ ਦੂਜੀ ਸਤਰ ਵਿਚ 'ਹੋਲੀ' ਸਪੱਸ਼ਟ ਰੂਪ ਵਰਤਿਆ ਹੈ। ਦੋਨਾਂ ਥਾਵਾਂ 'ਤੇ ਇਕੋ ਹੀ ਅਰਥ ਹੈ। ਸਵਾਲ ਤਾਂ ਇਹ ਹੈ ਕਿ ਸਿੱਖਾਂ ਦੀ ਹੋਲੀ ਕਿਹੋ ਜਿਹੀ ਹੋਣੀ ਚਾਹੀਦੀ ਹੈ?

ਗੁਰੂ ਸਾਹਿਬ ਕਹਿੰਦੇ ਹਨ (ਪਰਮਾਤਮਾ ਦੀ ਸਿਫਤ ਸਾਲਾਹ ਦੀ ਬਰਕਤ ਨਾਲ) ਮੇਰੇ ਅੰਦਰ (ਮਾਨੋ) ਫੱਗਣ ਦੀ ਹੋਲੀ ਬਣ ਗਈ ਜੋ ਪ੍ਰਭੂ ਦੇ ਸੰਤ ਜਨ (ਸਾਧ ਸੰਗਤ ਵਿਚ) ਮਿਲ ਕੇ ਇਹ ਹੋਲੀ ਖੇਡਣ ਲੱਗ ਪਏ।

ਬਾਹਰੀ ਰੰਗ ਜਿਨ੍ਹਾਂ ਵਿਚ ਕਈ ਤਰ੍ਹਾਂ ਦੇ ਘਟੀਆ ਕਿਸਮ ਦੇ ਕੈਮੀਕਲ ਪਾ ਕੇ ਰੰਗ ਬਣਾਏ ਜਾਂਦੇ ਹਨ, ਜਿਨ੍ਹਾਂ ਨਾਲ ਸਰੀਰ ਦੀ ਚਮੜੀ ਨੂੰ ਕਈ ਤਰ੍ਹਾਂ ਦੇ ਨੁਕਸਾਨ ਹੋਣ ਦਾ ਡਰ ਹੁੰਦਾ ਹੈ, ਕੀ ਗੰਦ-ਮੰਦ ਲੋਕਾਂ ਉਤੇ ਪਾਉਣ ਦਾ ਨਾਮ ਹੀ ਹੋਲੀ ਹੈ? ਕੀ ਸ਼ਰਾਬ ਆਦਿ ਨਸ਼ੇ ਪੀ ਕੇ ਧੁੱਤ ਪਏ ਰਹਿਣ ਦਾ ਨਾਮ ਹੀ ਹੋਲੀ ਹੈ? ਹਰਗਿਜ਼ ਨਹੀਂ।

ਗੁਰੂ ਸਾਹਿਬ ਕਹਿੰਦੇ ਹਨ ਕਿ ਗੁਰਸਿੱਖਾਂ ਦੀ ਸੰਗਤ ਕਰਨੀ, ਗੁਰਮੁਖਾਂ ਸਤ-ਸੰਗੀਆਂ ਦੀ ਸੇਵਾ ਕਰਨੀ ਹੀ ਮੇਰੇ ਵਾਸਤੇ ਹੋਲੀ ਹੈ। ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ ਰੰਗ ਚੜ੍ਹ ਗਿਆ ਹੈ।

**ਹੋਲੀ ਕੀਨੀ ਸੰਤ ਸੇਵ॥**
**ਰੰਗੁ ਲਾਗਾ ਅਤਿ ਲਾਲ ਦੇਵ॥**

**(ਬਸੰਤ ਮਹਲਾ ੫, ਪੰਨਾ ੧੧੮੦)**

ਸਤ-ਸੰਗਤ ਕਰਨੀ, ਹੱਥੀਂ ਸੇਵਾ ਕਰਨੀ ਤੇ ਰੱਬੀ-ਸਿਮਰਨ ਵਿਚ, ਰੱਬੀ-ਪਿਆਰ ਵਿਚ ਗੜੂੰਦ ਹੋਣਾ ਹੀ ਸਿੱਖ ਦੀ ਹੋਲੀ ਹੈ।

ਗੁਰੂ ਸਾਹਿਬ ਨੇ ਹਰ ਇਕ ਤਿਉਹਾਰ ਵਿਚ ਸਾਨੂੰ ਕੋਈ ਨਾ ਕੋਈ ਸੇਧ ਦਿੱਤੀ ਹੈ। ਉਸ ਵੇਲੇ ਹਿੰਦੁਸਤਾਨੀ ਮਾਨਸਿਕਤਾ ਬਹੁਦੇਵ-ਪੂਜਾ ਵਿਚ ਉਲਝ ਚੁੱਕੀ ਸੀ ਅਤੇ ਦਿਖਾਵੇ ਦੇ ਕਰਮਾਂ-ਧਰਮਾਂ ਦੇ ਭਰਮ-ਜਾਲ ਵਿਚ ਬੜੀ ਬੁਰੀ ਤਰ੍ਹਾਂ ਫਸ ਚੁੱਕੀ ਸੀ। ਕਰਮ-ਜਾਲ ਦੀ ਗੁਲਾਮੀ ਦਾ ਜੂਲਾ, ਹਿੰਦੁਸਤਾਨੀਆਂ ਦੇ ਗਲ ਵਿਚ ਪੈ ਚੁੱਕਾ ਸੀ ਅਤੇ ਵਿਦੇਸ਼ੀ ਹਕੂਮਤ ਦਾ ਸਦੀਆਂ ਤੱਕ ਹਿੰਦੁਸਤਾਨ 'ਤੇ ਰਾਜ ਦਾ ਹੋਣਾ, ਹੋਰ ਵੀ ਦੁਰਦਸ਼ਾ ਦਾ ਕਾਰਨ ਸੀ ਜਿਸ ਵਿਚ ਭਾਰਤ ਵਾਸੀ ਨਾ ਘੋੜੇ 'ਤੇ ਚੜ੍ਹ ਸਕਦਾ ਸੀ, ਨਾ ਪੱਗ ਬੰਨ੍ਹ ਸਕਦਾ ਸੀ; ਸਿਰ 'ਤੇ ਪੱਗ ਕੇਵਲ ਉਹੋ ਹੀ ਰੱਖ ਸਕਦਾ ਸੀ, ਜਿਸ ਨੂੰ ਸਰਕਾਰੀ ਤੌਰ 'ਤੇ ਮਿਲੀ ਹੋਵੇ। ਨਾ ਹੀ ਉੱਚੀ ਜਗ੍ਹਾ 'ਤੇ ਬੈਠਣਾ ਕਿਸੇ ਨੂੰ ਨਸੀਬ ਸੀ, ਨਾ ਕੋਈ ਹਥਿਆਰ ਰੱਖ ਸਕਦਾ ਸੀ। ਹਥਿਆਰ ਰੱਖਣੇ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਕਿਸੇ ਦੀ ਜ਼ਨਾਨੀ ਨੂੰ ਇਕ ਮੁਸਲਮਾਨ ਨਵਾਬ ਦੇ ਬੰਦੇ ਖੋਹ ਕੇ ਲੈ ਗਏ। ਉਹ ਸਾਰੇ ਰਲ ਕੇ ਗੁਰੂ ਸਾਹਿਬ ਕੋਲ ਆ ਫਰਿਆਦੀ ਹੋਏ। ਆ ਕੇ ਕਿਹਾ, ਜੀ ! ਮੇਰੀ ਵਹੁਟੀ ਨੂੰ ਨਵਾਬ ਦੇ ਬੰਦੇ ਖੋਹ ਕੇ ਲੈ ਗਏ ਹਨ।

ਗੁਰੂ ਜੀ : ਉਹ ਕਿੰਨੇ ਆਦਮੀ ਸਨ?

ਫਰਿਆਦੀ : ਜੀ, ਉਹ ਚਾਰ ਆਦਮੀ ਸਨ।

ਗੁਰੂ ਜੀ : ਤੁਸੀਂ ਕਿੰਨੇ ਸਓ?

ਫਰਿਆਦੀ : ਜੀ, ਅਸੀਂ ਵੀਹ ਸਾਂ।

ਗੁਰੂ ਜੀ : ਹੈਰਾਨਗੀ ਦੀ ਗੱਲ ਆ ਕਿ ਲੁਟੇਰੇ ੪ ਸਨ ਤੇ ਮੂਰਤੀਆਂ ਵੀਹ !

ਕਹਿਣ ਤੋਂ ਭਾਵ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਕਦੇ ਵੀ ਢਹਿੰਦੀ ਕਲਾ ਵਿਚ ਨਹੀਂ ਜਾਣ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਸਤੇ ਕਈ ਨਵੇਂ ਨਾਮ ਤੇ ਸ਼ਬਦ ਦਿੱਤੇ। ਸਿੱਖਾਂ ਨੂੰ ਗੁਰੂ ਸਾਹਿਬ ਨੇ ਸਿੱਖ ਬੋਲੇ ਵੀ ਚੜ੍ਹਦੀ ਕਲਾ ਵਾਲੇ ਦਿੱਤੇ ਜਿਨ੍ਹਾਂ ਨੂੰ 'ਸਿੰਘ-ਬੋਲਿਆਂ' ਦੇ ਨਾਮ ਹੇਠ ਯਾਦ ਕੀਤਾ ਜਾਂਦਾ ਹੈ; ਜਿਵੇਂ ਇਕ ਨੂੰ ਸਵਾ ਲੱਖ, ਟੁੰਡੇ ਨੂੰ ਲਖਬਾਂਹਾ, ਗੰਜੇ ਨੂੰ ਕਲਗਾ ਸਿੰਘ, ਲੰਗੜੇ ਨੂੰ ਸੁਚਾਲਾ, ਕਾਣੇ ਨੂੰ ਲਖ-ਨੇਤਰਾ, ਅੰਨ੍ਹੇ ਨੂੰ ਸੂਰਮਾ ਸਿੰਘ, ਤਾਪ ਚੜ੍ਹੇ ਨੂੰ ਆਕੜ ਭੰਨ, ਭੁੱਖੇ ਨੂੰ ਕੜਾਕਾ ਕੱਟ ਰਿਹਾ, ਮਰ ਗਏ ਨੂੰ ਚੜ੍ਹਾਈ ਕਰ ਗਿਆ, ਭੁੱਜੇ ਛੋਲਿਆਂ ਨੂੰ ਬਦਾਮ, ਤਲਵਾਰ ਨੂੰ ਸ੍ਰੀ ਸਾਹਿਬ, ਤੇਗ ਨੂੰ ਤੇਗਾ, ਦਾੜ੍ਹੀ ਨੂੰ ਦਾੜ੍ਹਾ, ਮੁੱਛਾਂ ਨੂੰ ਮੁਛਹਿਰਾ, ਪੱਗ ਨੂੰ ਦਸਤਾਰਾ ਆਦਿ। ਛੋਟੀਆਂ-ਛੋਟੀਆਂ ਚੀਜ਼ਾਂ ਦੇ ਵੱਡੇ-ਵੱਡੇ ਨਾਮ ਰੱਖ ਕੇ ਮਨਾਂ 'ਚ ਹੌਂਸਲੇ ਬੁਲੰਦ ਰੱਖੇ ਤੇ ਨਾਦਰ, ਅਬਦਾਲੀ ਦੇ ਪੈਰ ਉਖਾੜ ਕੇ ਰੱਖ ਦਿੱਤੇ। ਹੋਲੀ ਨੂੰ 'ਹੋਲੇ' ਦਾ ਨਾਮ ਦੇਣਾ, ਇਹ ਵੀ ਗੁਰੂ ਕੇ ਸਿੱਖਾਂ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ।

ਕਵੀ ਨਿਹਾਲ ਸਿੰਘ ਜੀ ਲਿਖਦੇ ਹਨ :

**ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।**
**ਛਕਾ ਪ੍ਰਸਾਦ ਸਜਾ ਦਸਤਾਰਾ ਅਰ ਕਰਦੌਨਾ ਟੋਲਾ ਹੈ।**
**ਸੁਭਟ ਸੁਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁਚੋਲਾ ਹੈ।**
**ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।**

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ :

'ਹਮਲਾ ਅਤੇ ਜਾਯ ਹਮਲਾ। ਹੱਲਾ ਤੇ ਹੱਲੇ ਦੀ ਥਾਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖ਼ਾਲਸੇ ਨੂੰ ਸ਼ਸਤ੍ਰ ਅਤੇ ਯੁੱਧਵਿਦਯਾ ਵਿਚ ਨਿਪੁੰਨ ਕਰਨ ਲਈ ਇਹ ਰੀਤਿ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੰਘਾਂ ਦੇ ਹੇਠ ਇਕ ਖਾਸ ਥਾਂ 'ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (manoeuvre) ਦੇਖਦੇ ਅਤੇ ਦੋਹਾਂ ਦਲਾਂ ਨੂੰ ਸ਼ੁਭ ਸਿਖਯਾ ਦੇਂਦੇ ਸੇ, ਅਰ ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ।'

(ਮਹਾਨ ਕੋਸ਼, ਪੰਨਾ ੨੮੩, ਪ੍ਰਕਾਸ਼ਕ ਭਾਸ਼ਾ ਵਿਭਾਗ)

ਚੇਤ ਸੁਦੀ ਏਕਮ ਸੰਮਤ ੧੭੫੭ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸਾ ਨੂੰ ਸਦਾ ਚੜ੍ਹਦੀਆਂ ਕਲਾਂ ਬਖ਼ਸ਼ਣ ਲਈ, ਹੌਂਸਲੇ ਬੁਲੰਦ ਕਰਨ ਲਈ, ਜੰਗੀ ਅਭਿਆਸ ਕਰਾਏ। ਸਿੱਖਾਂ ਨੂੰ ਦੋ ਦਲਾਂ ਵਿਚ ਵੰਡ ਕੇ ਇਕ ਖਾਸ ਨਿਸ਼ਾਨਾ ਮਿਥ ਕੇ ਉਸ 'ਤੇ ਇਕ ਦਲ ਕਾਬਜ਼ ਹੋ ਬੈਠਦਾ, ਦੂਸਰੇ ਦਲ ਨੂੰ ਉਸ ਤੋਂ ਕਬਜ਼ਾ ਲੈਣ ਵਾਸਤੇ ਹਮਲਾ ਕਰਨ ਲਈ ਆਖਿਆ ਜਾਂਦਾ। ਦੋਵੇਂ ਦਲ ਆਪੋ-ਆਪਣੀ ਤਾਕਤ ਦਾ ਮੁਜਾਹਰਾ ਕਰਦੇ, ਜ਼ੋਰ ਅਜ਼ਮਾਈ ਹੁੰਦੀ। ਇਕ ਦਲ ਕਬਜ਼ਾ ਬਰਕਰਾਰ ਰੱਖਣ ਲਈ ਜ਼ੋਰ ਲਾਉਂਦਾ, ਦੂਜਾ ਕਬਜ਼ਾ ਲੈਣ ਵਾਸਤੇ ਜ਼ੋਰ ਲਾਉਂਦਾ। ਜੰਮ ਕੇ ਲੜਾਈ ਹੁੰਦੀ, ਟਾਕਰਾ ਹੁੰਦਾ, ਨਗਾਰੇ ਧੌਂਸੇ ਵੱਜਦੇ, ਤਲਵਾਰਾਂ 'ਤੇ ਤਲਵਾਰਾਂ ਖੜਕਦੀਆਂ, ਫਤਿਹ ਦੇ ਜੈਕਾਰੇ ਗੂੰਜਦੇ, ਫਿਰ ਫੌਜੀ ਸਜ-ਧਜ ਨਾਲ ਨਗਾਰੇ, ਰਣਸਿੰਘਿਆਂ ਦੀ ਘਨਘੋਰ ਵਿਚ ਇਕ ਜਲੂਸ ਨਿਕਲਦਾ, ਸਾਰੇ ਨਗਰ ਦਾ ਚੱਕਰ ਲਾਇਆ ਜਾਂਦਾ। ਅੱਜ ਵੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ-ਮਹੱਲੇ ਦੇ ਸਮੇਂ ਇਹ ਨਜ਼ਾਰੇ ਦੇਖਣ ਨੂੰ ਮਿਲਦੇ ਹਨ।

ਪਰ ਖ਼ਾਲਸਾ ਜੀ ! ਅੱਜ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਵਧੇਰੇ ਲੋੜ ਹੈ ਕਿ ਅਸੀਂ ਕਿੱਥੇ ਕੁ ਖੜ੍ਹੇ ਹਾਂ? ਕੀ ਇਹ ਦਿਨ-ਤਿਉਹਾਰ ਰਸਮੀ ਤੌਰ 'ਤੇ ਮਨਾਉਣ ਤੱਕ ਹੀ ਸੀਮਤ ਰਹਿਣਾ ਹੈ ਜਾਂ ਇਨ੍ਹਾਂ ਵਿਚੋਂ ਸਿੱਖਣ ਦੀ ਜਾਂ ਕੁਝ ਹੋਰ ਕਰਨ ਦੀ ਵੀ ਲੋੜ ਹੈ? ਗੁਰੂ ਸਾਹਿਬ ਨੇ ਕਰਨੀ ਨੂੰ ਪ੍ਰਧਾਨ ਮੰਨਿਆ ਹੈ :

**ਕਰਣੀ ਬਿਨਾ ਤਰਹਿ ਨਹਿੰ ਕੋਊ।**
**ਕਰਣੀ ਖਾਲੀ ਜਾਇ ਨ ਸੋਊ॥੩੦॥**
**ਧਰਿ ਧਰਿ ਬੇਖ ਦੇਤਿ ਉਪਦੇਸ਼।**
**ਬਿਨ ਕਰਣੀ ਦੁਖ ਪਾਇੰ ਵਿਸ਼ੇਸ਼।**

**(ਉਹੀ)**

# ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

**ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ**



**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਫ਼ਰਵਰੀ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ. ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

**ਫ਼ਰਵਰੀ ਮਹੀਨੇ ਦੀ ਕੁੱਲ ਆਮਦਨ- 9,18,062/-ਰੁਪਏ**

**ਫ਼ਰਵਰੀ ਮਹੀਨੇ ਦਾ ਕੁੱਲ ਖਰਚਾ** - 3,06,279/-**ਰੁਪਏ**

**ਬਚਤ** - 6,11,783

**ਸਾਲ 2024 ਦੇ 31 ਮਾਰਚ ਤੱਕ ਦਾ ਬਕਾਇਆ** - 57,57,693

**ਫਰਵਰੀ 2025 ਤੱਕ ਕੁੱਲ ਪ੍ਰਾਪਤੀਆਂ** - 86,02,666.62

**ਗਿਆਰਾਂ ਮਹੀਨਿਆਂ ਦੀ ਕੁੱਲ ਬਚਤ** - 28,44,973.62

2. **ਫ਼ਰਵਰੀ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨਦੇ ਗੁਰੂ ਘਰ ਵਿਖੇ ਮਿਤੀ 12.02.2025 ਨੂੰ ਸੰਗਰਾਂਦ ਬੜੇ ਹੀ ਸ਼ਰਧਾ ਅਤੇ ਪ੍ਰੇਮਭਾਵ ਨਾਲ ਮਨਾਈ ਗਈ। ਇਸ ਸੰਗਰਾਂਦ ਦੀ ਸੇਵਾ ਫ਼ਾਉਂਡੇਸ਼ਨ ਵਲੋਂ ਕੀਤੀ ਗਈ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਰੱਸਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਤਕਰੀਬਨ 30-35 ਦੀ ਗਿਣਤੀ ਵਿਚ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਡੈਂਟਲ ਕਲੀਨਿਕ ਦਾ ਕੰਮ ਡਾ. ਅਕਸ਼ੇ ਠਾਕੁਰ (M.D.S.) ਚੰਗੇ ਢੰਗ ਨਾਲ ਸੰਭਾਲ ਰਹੇ ਹਨ ਅਤੇ ਵੱਡੀ ਗਿਣਤੀ ਦੇ ਵਿੱਚ ਮਰੀਜ਼ ਡੈਂਟਲ ਦੀਆਂ ਸੇਵਾਵਾਂ ਦਾ ਲਾਭ ਲੈ ਰਹੇ ਹਨ।

4. **ਵਰਕਿੰਗ ਕਮੇਟੀ ਦੀ ਮੀਟਿੰਗ ਬਾਰੇ** - ਵਰਕਿੰਗ ਕਮੇਟੀ ਦੀ ਤੀਸਰੀ ਮੀਟਿੰਗ ਮਿਤੀ 17.02.2025 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਕਾਨਫ਼ਰੰਸ ਹਾਲ ਵਿਚ ਹੋਈ। ਜਿਸ ਵਿਚ 15 ਮੈਂਬਰਾਂ ਨੇ ਆਪਣੀ ਹਾਜ਼ਰੀ ਦਰਜ ਕਰਾਈ। ਵਰਕਿੰਗ ਕਮੇਟੀ ਦੀ ਮੀਟਿੰਗ ਦੇ ਵਿਚ ਜਨਵਰੀ 2025 ਤੱਕ ਦੇ ਵਿੱਤੀ ਲੇਖੇ-ਜੋਖੇ ਦਾ ਹਿਸਾਬ ਦੱਸਿਆ ਗਿਆ ਅਤੇ ਫ਼ਾਉਂਡੇਸ਼ਨ ਦੇ ਜ਼ੋਨਲ ਪਲਾਨ, ਅਸਟੇਟ ਆਫ਼ਿਸ ਵਲੋਂ ਪ੍ਰਾਪਤ ਕੀਤੀ ਜਾਣ ਵਾਲੀ ਐਨ.ਓ.ਸੀ. ਦੀ ਮੌਜੂਦਾ ਸਥਿਤੀ, ਨਵੇਂ ਇਲੈਕਟ੍ਰੀਸ਼ਨ ਦੀ ਨਿਯੁਕਤੀ, ਮੈਰਿਟ ਕਮ ਮੀਨਜ਼ ਸ਼ਕਾਲਰਸ਼ਿਪ ਦੇ ਪ੍ਰਾਪਤ ਫ਼ਾਰਮ, ਜੀਵਨ ਮੈਂਬਰ ਬਨਾਉਣ ਲਈ, ਸੰਵਿਧਾਨ ਸੋਧ ਕਮੇਟੀ ਦੀ ਪ੍ਰੋਗਰੈਸ ਅਤੇ ਭਵਨ ਵਿਚ ਹੋਰ ਜਾਰੀ ਹੋਰ ਕੰਮਾਂ ਬਾਰੇ ਬੜੇ ਹੀ

ਵਿਸਤਾਰ ਨਾਲ ਚਰਚਾ ਕੀਤੀ ਗਈ ਜਿਸ ਵਿਚ ਸਾਰੇ ਮੈਂਬਰਾਂ ਨੇ ਸਲਾਂਘਾ-ਯੋਗ ਤਰੀਕੇ ਨਾਲ ਆਪਣੇ ਅਗਾਂਹ-ਵਧੂ ਵਿਚਾਰ ਮੀਟਿੰਗ ਵਿਚ ਪੇਸ਼ ਕੀਤੇ।

5. **ਮੈਰਿਟ ਕਮ ਮੀਨਜ਼ ਸ਼ਕਾਲਰਸ਼ਿਪ** - ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.) ਦੀ ਮੈਰਿਟ ਕਮ ਮੀਨਜ਼ ਸ਼ਕਾਲਰਸ਼ਿਪ ਸਕੀਮ ਦੇ ਅਧੀਨ ਸ਼ਕਾਲਰਸ਼ਿਪ ਲਈ ਫ਼ਾਰਮ ਜਮ੍ਹਾ ਕਰਾਉਣ ਦੀ ਮਿਤੀ 15.02.2025 ਰੱਖੀ ਗਈ ਸੀ ਅਤੇ ਲਗਭਗ 30 ਅਰਜੀ ਫ਼ਾਰਮ ਪ੍ਰਾਪਤ ਹੋਏ ਹਨ। ਇਹ ਸਾਰੇ ਫ਼ਾਰਮ ਕਮੇਟੀ ਨੂੰ ਸੌਂਪ ਦਿੱਤੇ ਗਏ ਹਨ, ਸਾਰੇ ਫ਼ਾਰਮਾਂ ਨੂੰ ਚੈਕ ਕਰਨ ਉਪਰੰਤ ਜਲਦੀ ਤੋ ਜਲਦੀ ਇਸ ਦੀ ਬਣਦੀ ਕਾਰਵਾਈ ਕੀਤੀ ਜਾਵੇਗੀ।

6. **ਜ਼ੋਨਲ ਪਲਾਨ ਵਿਚ ਸੁਧਾਰ** - ਇਸ ਦੇ ਸੰਬੰਧ ਵਿਚ ਚੰਡੀਗੜ੍ਹ ਯੂ.ਟੀ. (U.T.) ਦੇ ਸੰਬੰਧਿਤ ਵਿਭਾਗਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਪੱਤਰ ਮਿਲਣ ਦੇ ਨਾਲ ਹੀ ਰਿਵਾਇਜ਼ ਬਿਲਡਿੰਗ ਪਲਾਨ ਜਮਾਂ ਕਰਵਾ ਦਿੱਤਾ ਜਾਵੇਗਾ ਅਤੇ ਉਸ ਦੇ ਉਪਰੰਤ ਬਿਲਡਿੰਗ ਦਾ ਕੰਮ ਸ਼ੁਰੂ ਕੀਤਾ ਜਾਵੇਗਾ ।

7. **ਸਬ-ਕਮੇਟੀਆਂ ਦਾ ਗਠਨ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਕੰਮਾਂ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਦੇ ਲਈ ਤਿੰਨ ਸਬ-ਕਮੇਟੀਆਂ ਦਾ ਗਠਨ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਵਲੋਂ ਕੀਤਾ ਗਿਆ।

(ੳ) **ਰਿਪੇਅਰ ਐਂਡ ਰਿਕੰਡੀਸ਼ਨਿੰਗ ਆਫ਼ ਸੈਂਟ੍ਰਲਾਇਜ਼ਡ ਏ.ਸੀ. ਪਲਾਂਟ ਬਾਰੇ** - ਭਵਨ ਦਾ ਏ.ਸੀ. ਪਲਾਂਟ ਕੁੱਝ ਸਾਲਾਂ ਤੋਂ ਸਹੀ ਢੰਗ ਨਾਲ ਨਹੀ ਚੱਲ ਰਿਹਾ, ਜਿਸਨੂੰ ਠੀਕ ਕਰਾਉਣ ਵਾਸਤੇ ਸ. ਸੁਖਵੰਤ ਸਿੰਘ, ਐਮ.ਡੀ. ਸ਼ੂਗਰ ਮਿਲ (ਰਿਟਾ.) ਦੀ ਕਨਵੀਨੀਅਰਸ਼ਿਪ ਹੇਠ ਸਬ-ਕਮੇਟੀ ਦਾ ਗਠਨ ਕੀਤਾ ਗਿਆ ਅਤੇ ਉਹਨਾਂ ਨੂੰ ਇਹ ਕੰਮ ਜਲਦੀ ਤੋਂ ਜਲਦੀ ਅਤੇ ਸੁਚੱਜੇ ਢੰਗ ਨਾਲ ਕਰਵਾਉਣ ਦੀ ਹਿਦਾਇਤ ਦਿੱਤੀ।

(**ਅ**) ਗੈਸਟ-ਰੂਮਾਂ ਦੀ ਰਿਪੇਅਰ ਅਤੇ ਭਾਈ ਮਨੀ ਸਿੰਘ ਬਲਾਕ ਦੀ ਛੱਤ ਦੀ ਵਾਟਰ ਪਰੂਫ਼ਿੰਗ ਕਰਵਾਉਣ ਦੇ ਲਈ ਸ: ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ ਦੀ ਕਨਵੀਨਰਸ਼ਿਪ ਹੇਠ ਇਕ ਸਬ-ਕਮੇਟੀ ਦਾ ਗਠਨ ਕੀਤਾ ਗਿਆ ਤਾਂ ਜੋ ਇਹਨਾਂ ਕਮਰਿਆਂ ਦੇ ਵਿਚ ਸੀਲਨ ਦੀ ਸਮੱਸਿਆ ਨੂੰ ਨਜਿਠਿਆ ਜਾਵੇ।

(**ੲ**) ਪੁਰਾਣੀ ਕਲੀਨੀਕਲ ਲੈਬ ਨੂੰ ਬਿਨਾਂ ਕੁਰਸੀ ਦਾ ਪ੍ਰਵਾਨਗੀ ਤੋਂ ਢਾਉਣ ਅਤੇ ਉਸ ਵਿਚ ਹੋਏ ਨੁਕਸਾਨ ਦਾ ਐਸਟੀਮੇਟ ਬਨਾਉਣ ਲਈ ਸ: ਰਵਿੰਦਰ ਸਿੰਘ ਦੀ ਸਰਪਰਸਤੀ ਹੇਠ ਇਕ ਸਬ-ਕਮੇਟੀ ਦਾ ਗਠਨ ਕੀਤਾ ਗਿਆ ਹੈ । ਉਹਨਾਂ ਨੂੰ 25.03.2025 ਤੱਕ ਇਸਦੀ ਫ਼ਾਇਨਲ ਰਿਪੋਰਟ ਦਫ਼ਤਰ ਨੂੰ ਸੌਂਪਣ ਦੀ ਹਿਦਾਇਤ ਦਿੱਤੀ ਗਈ ਹੈ।

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

**ਜਿਹੜਾ ਇਨਸਾਨ ਸਭ ਦਾ ਦਿਲ ਰੱਖਦਾ ਹੈ, ਉਹ ਆਪਣੀ ਕਦਰ ਗਵਾ ਲੈਂਦਾ ਹੈ।**

**<u>ਸ਼ਹੀਦੀ ਦਿਵਸ 'ਤੇ ਵਿਸ਼ੇਸ਼</u>**

# ਨਹੀਂ ਬਣ ਸਕਿਆ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼

**ਗੁਰਚਰਨ ਸਿੰਘ ਨੂਰਪੁਰ**



28 ਸਤੰਬਰ, 1907 ਨੂੰ ਜਨਮਿਆ ਪੰਜਾਬੀਆਂ ਦਾ ਮਾਣ ਅਤੇ ਭਾਰਤ ਮਾਂ ਦਾ ਲਾਡਲਾ ਪੁੱਤਰ ਸ਼ਹੀਦ ਭਗਤ ਸਿੰਘ ਛੋਟੀ ਜਿਹੀ ਉਮਰ ਵਿਚ ਵੱਡੀ ਕੁਰਬਾਨੀ ਕਰਕੇ 23 ਮਾਰਚ, 1931 ਨੂੰ ਫਾਂਸੀ ਦੇ ਤਖ਼ਤੇ 'ਤੇ ਝੂਲ ਗਿਆ।23 ਸਾਲ ਦੀ ਛੋਟੀ ਜਿਹੀ ਉਮਰ ਵਿਚ ਵੱਡੇ ਕਾਰਨਾਮਿਆਂ ਨੂੰ ਸਰਅੰਜ਼ਾਮ ਦੇਣ ਵਾਲੇ ਸ਼ਹੀਦ ਭਗਤ ਸਿੰਘ ਨੇ ਆਖਰੀ ਸਮੇਂ ਕਿਹਾ ਸੀ, 'ਆਪਣੇ ਵਤਨ ਲਈ ਜੋ ਮੈਂ ਕਰਨਾ ਚਾਹੁੰਦਾ ਹਾਂ, ਉਸ ਦਾ ਇਕ ਹਜ਼ਾਰਵਾਂ ਹਿੱਸਾ ਵੀ ਅਜੇ ਨਹੀਂ ਕਰ ਸਕਿਆ।' ਇਸ ਤੋਂ ਉਸ ਦੀ ਵਤਨਪ੍ਰਸਤੀ ਦਾ ਪਤਾ ਲਗਦਾ ਹੈ।ਉਸ ਦੀ ਸ਼ਖ਼ਸੀਅਤ ਨਾਲ ਮਿਲਦੀਆਂ-ਜੁਲਦੀਆਂ ਮਿਸਾਲਾਂ ਦੁਨੀਆ ਵਿਚ ਬਹੁਤ ਘੱਟ ਹਨ।ਬਹੁਤ ਘੱਟ ਸਮੇਂ ਵਿਚ ਇਤਿਹਾਸ, ਰਾਜਨੀਤੀ, ਸਮਾਜਵਾਦ ਅਤੇ ਉਸ ਸਮੇਂ ਦੁਨੀਆ ਪੱਧਰ 'ਤੇ ਹੋ ਰਹੀਆਂ ਰਾਜਨੀਤਕ ਸਰਗਰਮੀਆਂ ਦਾ ਅਧਿਐਨ ਕਰਨ ਵਾਲਾ ਇਹ ਮਹਾਂਨਾਇਕ ਅੱਜ ਕਰੋੜਾਂ ਲੋਕਾਂ ਦਾ ਰਾਹ-ਦਸੇਰਾ ਹੈ।ਕੁੱਝ ਦਹਾਕੇ ਪਹਿਲਾਂ ਭਗਤ ਸਿੰਘ ਨੂੰ ਭਾਵੇਂ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਦਿੱਤੀ, ਪਰ ਉਹ ਕਿਤੇ ਗਿਆ ਨਹੀਂ, ਉਹ ਲੱਖਾਂ ਲੋਕਾਂ ਦੇ ਦਿਲਾਂ ਵਿਚ ਵਸਦਾ ਹੈ।ਅੱਜ ਵੀ ਉਹ ਦੇਸ਼ ਦੀ ਨੌਜੁਆਨੀ ਨੂੰ ਪੁਕਾਰ ਰਿਹਾ ਹੈ ਕਿ ਆਓ! ਇਸ ਧਰਤੀ ਨੂੰ ਮਨੁੱਖਾਂ ਦੇ ਰਹਿਣ ਯੋਗ ਬਣਾਈਏ।

ਦੇਸ਼ ਨੂੰ ਆਜ਼ਾਦ ਹੋਇਆਂ ਅੱਜ 76 ਤੋਂ ਵੱਧ ਸਾਲ ਬੀਤ ਗਏ ਹਨ। ਅੱਜ ਦੇਸ਼ ਦੀ 45 ਫ਼ੀਸਦੀ ਆਬਾਦੀ ਦਾਲ ਰੋਟੀ ਲਈ ਮੁਥਾਜ ਹੈ।ਰਾਜ ਕਰਨ ਵਾਲੀਆਂ ਸਰਕਾਰਾਂ ਗਰੀਬ ਲੋਕਾਂ ਨੂੰ ਸਸਤੇ ਆਟੇ-ਦਾਲ ਦੀ ਖ਼ੈਰਾਤ ਪਾ ਕੇ ਇਸ ਨੂੰ ਆਪਣੀਆਂ ਵੱਡੀਆਂ ਪ੍ਰਾਪਤੀਆਂ ਮੰਨ ਰਹੀਆਂ ਹਨ।ਇਹ ਮਾਣ ਕਰਨ ਵਾਲੀਆਂ ਗੱਲਾਂ ਨਹੀਂ।ਸਗੋਂ ਹੁਣ ਤੱਕ ਬਦਲ-ਬਦਲ ਕੇ ਰਾਜ ਕਰਨ ਵਾਲੇ ਹਾਕਮਾਂ ਲਈ ਸ਼ਰਮਨਾਕ ਗੱਲ ਹੈ।ਜੇਕਰ ਸਾਢੇ ਛੇ ਦਹਾਕੇ ਬੀਤ ਜਾਣ ਬਾਅਦ ਵੀ ਦੇਸ਼ ਦੇ ਕਰੋੜਾਂ ਲੋਕ ਦਾਣੇ-ਦਾਣੇ ਦੇ ਮੁਥਾਜ ਹਨ ਤਾਂ ਉਹ ਸਮਾਂ ਕਦੋਂ ਆਵੇਗਾ ਜਦੋਂ ਦੇਸ਼ ਦੇ ਇਹ ਦੱਬੇ-ਕੁਚਲੇ, ਨਪੀੜੇ ਤੇ ਹਾਸ਼ੀਏ 'ਤੇ ਕਰ ਦਿੱਤੇ ਲੋਕ, ਇੱਜ਼ਤ ਤੇ ਸਵੈ-ਮਾਣ ਦੀ ਰੋਟੀ ਖਾ ਸਕਣਗੇ? ਅਜਿਹਾ ਸ਼ਾਇਦ ਦੇਸ਼ ਦੇ ਹਾਕਮਾਂ ਦੀ ਸੋਚ ਦਾ ਹਿੱਸਾ ਹੀ ਨਹੀਂ ਬਣ ਸਕਿਆ। ਕਿੰਨੀ ਸ਼ਰਮਨਾਕ ਸਥਿਤੀ ਹੈ ਕਿ ਇਕ ਪਾਸੇ ਕਰੋੜਾਂ ਲੋਕਾਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਇਹ ਲੋਕ ਅਨਾਜ ਦੇ ਦਾਣੇ ਦਾਣੇ ਦੇ ਮੁਥਾਜ ਹਨ ਅਤੇ ਦੂਜੇ ਪਾਸੇ ਹਰ ਸਾਲ ਲੱਖਾਂ ਟਨ ਅਨਾਜ ਗਲ-ਸੜ ਜਾਂਦਾ ਹੈ। ਸਰਕਾਰਾਂ ਕਹਿੰਦੀਆਂ ਹਨ ਕਿ ਇਹ ਅਨਾਜ ਭੁੱਖੇ ਲੋਕਾਂ ਨੂੰ ਮੁਫ਼ਤ ਨਹੀਂ ਵੰਡਿਆ ਜਾ ਸਕਦਾ ਪਰ ਦੂਜੇ ਪਾਸੇ ਇਹੋ ਸਰਕਾਰਾਂ ਧਨਾਢਾਂ, ਉਦਯੋਗਪਤੀਆਂ, ਵਪਾਰੀਆਂ ਨੂੰ ਕਾਰੋਬਾਰ ਕਰਨ ਲਈ ਕਰੋੜਾਂ ਰੁਪਈਆਂ ਦੀਆਂ ਸਬਸਿਡੀਆਂ ਦੇ ਦਿੰਦੀਆਂ ਹਨ।ਸਵਾਲ ਪੈਦਾ ਹੁੰਦਾ ਹੈ ਕਿ ਕੀ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਸ ਅਤਿ ਭ੍ਰਿਸ਼ਟ ਨਿਜ਼ਾਮ ਲਈ ਲੜੇ ਸਨ। ਅੱਜ ਸਾਡੇ ਬਹੁਤੇ ਨੇਤਾਵਾਂ ਦੀ ਹਰ ਬਿਆਨਬਾਜ਼ੀ ਆਪਣੇ-ਆਪ ਤੋਂ ਸ਼ੁਰੂ ਹੋ ਕੇ ਵੋਟ 'ਤੇ ਖਤਮ ਹੋ ਜਾਂਦੀ ਹੈ।35-40 ਸਾਲ ਤੱਕ ਵਜ਼ੀਰੀਆਂ ਮਾਨਣ ਵਾਲੇ ਵੀ ਆਜ਼ਾਦੀ ਦਿਵਸ 'ਤੇ ਝੰਡਾ ਲਹਿਰਾਅ ਕੇ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਸ਼ਹੀਦ-ਏ ਆਜ਼ਮ ਸ. ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜਿਸ ਮਹਾਨ ਕਾਰਜ ਲਈ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ ਸੀ ਉਹ ਸੁਪਨਾ ਅਜੇ ਅਧੂਰਾ ਹੈ।ਲਗਭਗ ਪੌਣੀ ਸਦੀ ਬੀਤ ਜਾਣ 'ਤੇ ਵੀ ਜੇਕਰ ਸ਼ਹੀਦਾਂ ਦੇ ਸੁਪਨੇ ਸਾਕਾਰ ਨਹੀਂ ਹੋ ਸਕੇ ਤਾਂ ਪੁੱਛਣਾ ਬਣਦਾ ਹੈ ਕਿ ਕੌਣ ਲੋਕ ਹਨ ਜੋ ਇਸ ਵਿਚ ਰੁਕਾਵਟ ਬਣੇ ਰਹੇ ਹਨ? ਕੌਣ ਹਨ ਜਿਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਵਾਰ ਵਾਰ ਵਾਅਦੇ ਕੀਤੇ ਤੇ ਫਿਰ ਉਨ੍ਹਾਂ ਤੋਂ ਮੁਕਰਦੇ ਰਹੇ? ਆਪਣੇ ਕੁਨਬਿਆਂ ਨੂੰ ਮਾਲਾ-ਮਾਲ ਕੀਤਾ ਅਤੇ ਦੇਸ਼ ਦੀ ਬਹੁ-ਗਿਣਤੀ ਲਈ ਅਤਿ ਭ੍ਰਿਸ਼ਟ ਨਿਜ਼ਾਮ ਪੈਦਾ ਕਰਕੇ ਲੋਕਾਂ ਨੂੰ ਗ਼ਰੀਬੀ, ਮੰਦਹਾਲੀ ਅਤੇ ਜਲਾਲਤ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਕਰ ਦਿੱਤਾ।

ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਫਾਂਸੀ ਦੀ ਉਡੀਕ ਵਿਚ ਬੈਠੇ

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸੋਚਦੇ ਸਨ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋਵੇਗਾ। ਬਸਤੀਵਾਦੀ ਅੰਗਰੇਜ਼ੀ ਹਕੂਮਤ ਦਾ ਸਫਾਇਆ ਹੋ ਜਾਵੇਗਾ। ਦੇਸ਼ ਦੇ ਲੋਕ ਆਪਣੀ ਤਕਦੀਰ ਆਪਣੇ ਹੱਥਾਂ ਨਾਲ ਲਿਖਣ ਦੇ ਸਮਰੱਥ ਹੋਣਗੇ। ਆਮ ਲੋਕ ਰਾਜ ਭਾਗ ਦੇ ਹਿੱਸੇਦਾਰ ਹੋਣਗੇ, ਦੇਸ਼ 'ਚੋਂ ਅਮੀਰੀ-ਗ਼ਰੀਬੀ ਦਾ ਪਾੜਾ ਖ਼ਤਮ ਹੋਵੇਗਾ, ਦੇਸ਼ ਦੇ ਲੋਕਾਂ ਨੂੰ ਜਲਾਲਤ ਭਰੀ ਗੁਲਾਮੀ ਤੋਂ ਨਿਜ਼ਾਤ ਮਿਲੇਗੀ। ਸਿੱਖਿਆ, ਸਿਹਤ ਸਹੂਲਤਾਂ, ਨਿਆਂ ਪ੍ਰਬੰਧ ਅਤੇ ਰੋਜ਼ਗਾਰ 'ਤੇ ਹਰ ਵਿਅਕਤੀ ਦਾ ਅਧਿਕਾਰ ਹੋਵੇਗਾ। ਪਰ ਇਸ ਦੇ ਉਲਟ ਨਿਆਂ, ਰੋਜ਼ਗਾਰ ਅਤੇ ਹੋਰ ਜ਼ਰੂਰੀ ਸਹੂਲਤਾਂ ਲਈ ਸੰਘਰਸ਼ ਕਰਦੇ ਲੋਕਾਂ ਨੂੰ ਪੁਲਿਸ ਦੀਆਂ ਡਾਂਗਾਂ ਤੇ ਗੋਲੀਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਹੱਕ ਮੰਗਦੇ ਲੋਕਾਂ 'ਤੇ ਪਰਚੇ ਦਰਜ ਕਰਕੇ ਜੇਲਾਂ ਥਾਣਿਆਂ ਵਿਚ ਡੱਕਿਆ ਜਾਂਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਜਾਂਦੀ ਹੈ। ਜਤਿੰਦਰਨਾਥ ਦਾਸ (ਜੇਲ ਵਿਚ 63 ਦਿਨ ਦੀ ਲੰਬੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦ ਹੋ ਗਏ), ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਵਰਗੇ ਮਹਾਨ ਦੇਸ਼ ਭਗਤਾਂ ਨੇ ਜਾਤਾਂ, ਮਜ਼੍ਹਬਾਂ, ਧਰਮਾਂ ਤੋਂ ਉੱਪਰ ਉੱਠ ਕੇ ਵਤਨ ਦੀ ਗੁਲਾਮੀ ਦਾ ਖਾਤਮਾ ਕਰਨ ਲਈ ਉੱਚੇ-ਸੁੱਚੇ ਆਦਰਸ਼ਾਂ ਲਈ ਕੁਰਬਾਨੀ ਦਿੱਤੀ। ਸੁਪਨਾ ਇਹ ਸੀ ਕਿ ਇਸ ਧਰਤੀ ਨੂੰ ਇਨਸਾਨਾਂ ਦੇ ਰਹਿਣ ਯੋਗ ਬਣਾਇਆ ਜਾਵੇ, ਤਾਂ ਜੋ ਜਾਤਾਂ-ਪਾਤਾਂ ਅਤੇ ਧਰਮਾਂ ਵਿਚ ਵੰਡੇ ਦੇਸ਼ ਦੇ ਲੋਕਾਂ ਨੂੰ ਇਨਸਾਨੀਅਤ ਦੇ ਰਾਹ 'ਤੇ ਤੋਰਿਆ ਜਾ ਸਕੇ। ਅੱਜ ਉਨ੍ਹਾਂ ਮਹਾਨ ਦੇਸ਼ ਭਗਤਾਂ ਦੇ ਆਦਰਸ਼ ਅਤੇ ਕੁਰਬਾਨੀਆਂ ਨੂੰ ਨਜ਼ਰ ਅੰਦਾਜ਼ ਕਰਕੇ ਦੇਸ਼ ਦੀਆਂ ਕੁਝ ਰਾਜਨੀਤਕ ਪਾਰਟੀਆਂ ਦੇਸ਼ ਦੇ ਲੋਕਾਂ ਨੂੰ , ਧਰਮਾਂ, ਜਾਤਾਂ, ਖਿੱਤਿਆਂ ਵਿਚ ਵੰਡ ਕੇ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। 47 ਤੱਕ ਅਸੀਂ ਬਸਤੀਵਾਦੀ ਹਕੂਮਤ ਦੇ ਗੁਲਾਮ ਸੀ, ਅੱਜ ਸਥਿਤੀ ਉਸ ਤੋਂ ਵੀ ਭਿਆਨਕ ਹੈ। ਅੱਜ ਸਾਡੀਆਂ ਸਰਕਾਰਾਂ ਨੇ ਮੁਲਕ ਨੂੰ ਉਨ੍ਹਾਂ ਹੀ ਧਨਾਢ ਮੁਲਕਾਂ ਦੀਆਂ ਕੰਪਨੀਆਂ ਦੀ ਮੰਡੀ ਬਣਾ ਦਿੱਤਾ ਹੈ। ਕਿਰਤ ਸੱਭਿਆਚਾਰ ਦਾ ਮੁਲਕ 'ਚੋਂ ਖਾਤਮਾ ਹੋ ਰਿਹਾ ਹੈ। ਧਨਾਢ ਕੰਪਨੀਆਂ, ਕਾਰਪੋਰੇਟਰਾਂ ਨੂੰ ਲੋਕਾਂ ਦੀ ਹਰ ਲੋੜ ਬਿਜਲੀ, ਪਾਣੀ, ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਲੋੜਾਂ 'ਤੇ ਕਬਜ਼ੇ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਛੋਟੇ ਕਿਸਾਨ, ਦੁਕਾਨਦਾਰ, ਮਜ਼ਦੂਰ ਅਤੇ ਹੋਰ ਛੋਟੀਆਂ-ਮੋਟੀਆਂ ਨੌਕਰੀਆਂ ਕਰਨ ਵਾਲੇ ਲੋਕਾਂ ਲਈ ਬੜੀ ਮਾਰੂ ਸਥਿਤੀ ਪੈਦਾ ਕਰ ਦਿੱਤੀ ਗਈ ਹੈ। ਜਿੱਥੇ ਪੂਰੇ ਮੁਲਕ ਵਿਚ ਇਹ ਲੋਕ ਅੱਜ ਜਿਉਂਦੇ ਰਹਿਣ ਲਈ ਜਦੋਜਹਿਦ ਕਰ ਰਹੇ ਹਨ, ਉੱਥੇ ਕੁਝ ਕੁ ਅਮੀਰ ਘਰਾਣਿਆਂ ਦੀਆਂ ਜਾਇਦਾਦਾਂ ਅਮਰ ਵੇਲ ਵਾਂਗ ਵਧ ਰਹੀਆਂ ਹਨ। ਦੇਸ਼ ਦੇ ਬਹੁ-ਗਿਣਤੀ ਲੋਕ ਇਕ ਅਦਿੱਖ ਗੁਲਾਮੀ ਵੱਲ ਧੱਕ ਦਿੱਤੇ ਗਏ ਹਨ। ਅੰਗਰੇਜ਼ ਹਕੂਮਤ ਦੀ ਗੁਲਾਮੀ ਤਾਂ ਨਜ਼ਰ ਆਉਂਦੀ ਗੁਲਾਮੀ ਸੀ ਜਿਸ ਦੇ ਖਿਲਾਫ਼ ਸਾਡੇ ਵੱਡੇ-ਵਡੇਰਿਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਤੇ ਆਜ਼ਾਦੀ ਹਾਸਲ ਕੀਤੀ ਪਰ ਅੱਜ ਸਾਡੇ ਦੇਸ਼ ਦੀ ਹਾਕਮ ਜਮਾਤ ਨੇ ਲੋਕਾਂ ਦੀ ਅਦਿੱਖ ਗੁਲਾਮੀ ਦਾ ਮੁੱਢ ਬੰਨ੍ਹ ਕੇ ਲੋਕਾਂ ਲਈ ਇਕ ਵੱਡੇ ਸੰਘਰਸ਼ ਦਾ ਪਿੜ ਤਿਆਰ ਕੀਤਾ ਹੈ।

ਅਸੈਂਬਲੀ ਹਾਲ ਦੇ ਬੰਬ ਕਾਂਡ ਤੋਂ ਬਾਅਦ ਗ੍ਰਿਫ਼ਤਾਰ ਕਰਕੇ ਭਗਤ ਸਿੰਘ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਲਿਆਂਦਾ ਗਿਆ ਸੀ। ਇੱਥੇ ਹੀ ਉਸ 'ਤੇ ਅੰਗਰੇਜ਼ ਅਫ਼ਸਰ ਸਾਂਡਰਸ ਨੂੰ ਮਾਰਨ ਦਾ ਮੁਕੱਦਮਾ ਚੱਲਿਆ। ਇਸ ਮੁਕੱਦਮੇ 'ਚੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 7 ਅਕਤੂਬਰ, 1930 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਦੀ ਸਜ਼ਾ ਹੋ ਜਾਣ ਤੋਂ ਬਾਅਦ ਭਗਤ ਸਿੰਘ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਫ਼ੈਸਲਾ ਕੀਤਾ ਕਿ ਕਿਸੇ ਤਰ੍ਹਾਂ ਭਗਤ ਸਿੰਘ ਨੂੰ ਜੇਲ੍ਹ 'ਚੋਂ ਬਾਹਰ ਕੱਢ ਲਿਆ ਜਾਵੇ। ਜਦ ਇਸ ਗੱਲ ਦਾ ਪਤਾ ਉਸ ਮਹਾਂਨਾਇਕ ਨੂੰ ਲੱਗਾ ਤਾਂ ਉਸ ਨੇ ਇਹ ਕਹਿ ਕੇ ਆਪਣੇ ਸਾਥੀਆਂ ਨੂੰ ਮਨ੍ਹਾਂ ਕਰ ਦਿੱਤਾ ਕਿ ਇਸ ਸਮੇਂ ਮੁਲਕ ਦੇ ਜੋ ਰਾਜਨੀਤਕ ਹਾਲਾਤ ਬਣ ਰਹੇ ਹਨ, ਉਸ ਅਨੁਸਾਰ ਮੇਰਾ ਫਾਂਸੀ ਲੱਗਣਾ ਬਲਦੀ 'ਤੇ ਤੇਲ ਦਾ ਕੰਮ ਕਰੇਗਾ। ਭਗਤ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਦਾ ਆਸ਼ਕ ਸੀ ਪਰ ਵਤਨ ਲਈ ਜਦੋਂ ਉਸ ਦੇ ਇਮਤਿਹਾਨ ਦੀ ਘੜੀ ਆਈ ਤਾਂ ਉਸ ਨੇ ਮੌਤ ਤੇ ਜ਼ਿੰਦਗੀ ਦੋਵਾਂ 'ਚੋਂ ਮੌਤ ਨੂੰ ਚੁਣਿਆ। ਭਗਤ ਸਿੰਘ ਕੁਰਬਾਨੀ ਦਾ ਉਹ ਮੁਜੱਸਮਾ ਸੀ, ਜਿਸ ਨੇ ਦੇਸ਼ ਦੀ ਜਵਾਨੀ ਨੂੰ ਦੇਸ਼ ਲਈ ਜਿਊਣ ਅਤੇ ਮਰਨ ਦੀ ਜਾਚ ਦੱਸੀ।

ਆਜ਼ਾਦੀ ਤੋਂ ਬਾਅਦ ਦੇਸ਼ 'ਤੇ ਰਾਜ ਕਰਨ ਵਾਲੀਆਂ ਸਰਕਾਰਾਂ ਨੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਤਾਂ ਕੀ ਕਰਨਾ ਸੀ, ਉਨ੍ਹਾਂ ਨੇ ਤਾਂ ਸ਼ਹੀਦਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ। ਸ਼ਹੀਦਾਂ ਦੀਆਂ ਯਾਦਗਾਰਾਂ ਨੂੰ ਵਿਸਾਰ ਦਿੱਤਾ ਗਿਆ। ਸ਼ਹੀਦ ਸੁਖਦੇਵ, ਮਦਨ ਲਾਲ ਢੀਂਗਰਾ ਅਤੇ ਗ਼ਦਰੀ ਬਾਬੇ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵਰਗੇ ਯੋਧਿਆਂ ਨਾਲ ਸਬੰਧਤ ਯਾਦਗਾਰਾਂ ਦੀ ਹਾਲਤ ਤਰਸਯੋਗ ਹੈ। ਆਜ਼ਾਦੀ ਪ੍ਰਵਾਨਿਆਂ ਸ਼ਹੀਦ ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ ਵਰਗਿਆਂ ਦੇ ਵਾਰਸ ਅੱਜ ਵੀ ਮਜ਼ਦੂਰੀ ਕਰਕੇ ਆਪਣਾ ਢਿੱਡ ਭਰਨ ਲਈ ਮਜਬੂਰ ਹਨ। ਮਹਾਨ ਦੇਸ਼ ਭਗਤਾਂ ਦੀਆਂ ਯਾਦਗਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਪ੍ਰਤੀ ਅਜਿਹਾ ਵਤੀਰਾ ਸੰਕੇਤ ਕਰਦਾ ਹੈ ਕਿ ਅੱਜ ਰਾਜ ਗੱਦੀਆਂ ਦਾ ਨਿੱਘ ਮਾਨਣ ਵਾਲਿਆਂ ਨੇ ਰਾਜਨੀਤੀ ਨੂੰ ਕਾਰੋਬਾਰ ਬਣਾ ਲਿਆ ਹੈ। ਸ਼ਹੀਦਾਂ ਦੀ ਸੋਚ ਨੂੰ ਸਾਕਾਰ ਕਰਨਾ ਉਨ੍ਹਾਂ ਦੀ ਜ਼ਿਹਨੀਅਤ ਦਾ ਕਦੇ ਵੀ ਹਿੱਸਾ ਨਹੀਂ ਰਿਹਾ।


ਰਾਜ ਗੱਦੀਆਂ ਦੇ ਸੁੱਖ ਮਾਨਣ ਵਾਲਿਆਂ ਨੇ ਸ. ਭਗਤ ਸਿੰਘ ਦੀ ਵਿਚਾਰਧਾਰਾ ਅਤੇ ਸ਼ਹਾਦਤ ਨੂੰ ਅਣਗੌਲਿਆ ਕੀਤਾ, ਇਹ ਉਨ੍ਹਾਂ ਦੀ ਕੁਟਲ ਨੀਤੀ ਦਾ ਹਿੱਸਾ ਸੀ ਪਰ ਸਾਡੇ ਅਖੌਤੀ ਸੱਭਿਆਚਾਰ ਦੇ ਰਾਖਿਆਂ ਨੇ ਵੀ ਉਸ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਇਸ ਮਹਾਨ ਸ਼ਹੀਦ ਦੇ ਸੁਪਨੇ, ਸੋਚ ਅਤੇ ਆਦਰਸ਼ਾਂ ਨੂੰ ਖਤਮ ਕਰਨ ਲਈ ਉਸ ਦੀ ਅਜਿਹੀ ਦਿੱਖ ਨੌਜੁਆਨਾਂ ਅੱਗੇ ਬਣਾਈ ਜਿਵੇਂ ਉਹ ਕੋਈ ਹੈਂਕੜਬਾਜ਼, ਗੁੰਡਾਗਰਦ ਪਰਵਿਰਤੀ ਦਾ ਮਾਲਕ ਹੋਵੇ। ਕੁੰਡੀਆਂ ਮੁੱਛਾਂ, ਹੱਥ ਵਿਚ ਪਿਸਤੌਲ ਅਤੇ ਚਿਹਰੇ 'ਤੇ ਤਿਊੜੀਆਂ ਵਾਲਾ ਭਗਤ ਸਿੰਘ, ਜਿਵੇਂ ਉਸ ਦਾ ਕੰਮ ਬੰਦੇ ਮਾਰਨਾ ਹੀ ਹੋਵੇ। ਉਸ ਦੀਆਂ ਤਸਵੀਰਾਂ ਬਣਾ ਕੇ 'ਖੰਘੇ ਸੀ ਤਾਹੀਂਓ ਟੰਗੇ ਸੀ' ਜਾਂ 'ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', ਵਰਗੇ, ਉਸ ਦੀ ਸੋਚ ਤੋਂ ਬਿਲਕੁਲ ਉਲਟ ਫਿਕਰੇ ਲਿਖ ਕੇ ਇਕ ਸਾਜ਼ਿਸ਼ ਤਹਿਤ ਉਸ ਦੀ ਨਿੱਗਰ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅੱਜ ਦੀ ਨੌਜੁਆਨ ਪੀੜ੍ਹੀ ਨੂੰ ਇਹ ਦੱਸਣ ਦੀ ਲੋੜ ਹੈ ਕਿ ਭਗਤ



ਸਿੰਘ ਅਜਿਹੀ ਮਾਨਸਿਕਤਾ ਵਾਲਾ ਨੌਜੁਆਨ ਨਹੀਂ ਸੀ। ਉਹ ਬੰਬ, ਬੰਦੂਕਾਂ, ਬੰਬਾਂ ਨਾਲ ਬੰਦੇ ਮਾਰਨ ਵਾਲਾ ਇਨਕਲਾਬੀ ਨਹੀਂ ਸੀ। ਉਹ ਤਾਂ ਇਕ ਪੜ੍ਹਾਕੂ ਤੇ ਹਰ ਵੇਲੇ ਅਧਿਐਨ ਕਰਨ ਵਾਲਾ ਉਹ ਮਨੁੱਖ ਸੀ, ਜਿਸ ਨੂੰ ਪਤਾ ਸੀ ਕਿ ਸਵੇਰੇ ਤੜਕੇ ਉਸ ਨੂੰ ਫਾਂਸੀ ਲਾਇਆ ਜਾਣਾ ਹੈ, ਉਸੇ ਰਾਤ ਨੂੰ ਉਹ ਲੈਨਿਨ ਦੀ ਜੀਵਨੀ ਪੜ੍ਹ ਰਿਹਾ ਸੀ। ਲੋਕ ਰੋਹ ਤੋਂ ਡਰਦੀ ਅੰਗਰੇਜ਼ ਹਕੂਮਤ ਨੇ ਉਸ ਨੂੰ ਇਕ ਦਿਨ ਪਹਿਲਾਂ, ਰਾਤ ਨੂੰ ਹੀ ਫਾਂਸੀ ਲਾਉਣ ਦੀ ਸਕੀਮ ਘੜ ਲਈ। ਜੇਲ੍ਹ ਪੁਲਿਸ ਦੇ ਇਕ ਅਫ਼ਸਰ ਨੇ ਜਦੋਂ ਅਚਾਨਕ ਆ ਕੇ ਕਿਹਾ, 'ਸਰਦਾਰ ਜੀ ਚੱਲੋ ਫਾਂਸੀ ਲਾਏ ਜਾਣ ਦਾ ਸਮਾਂ ਹੋ ਗਿਆ ਹੈ।' ਤਾਂ ਉਸ ਨੇ ਕਿਤਾਬ ਤੋਂ ਧਿਆਨ ਹਟਾਏ ਬਗੈਰ ਕਿਹਾ, 'ਰੁਕੋ ਇਕ ਇਨਕਲਾਬੀ ਦੂਜੇ ਇਨਕਲਾਬੀ ਨੂੰ ਮਿਲ ਰਿਹਾ ਹੈ।' ਕਿਤਾਬ ਦੀਆਂ ਕੁਝ ਲਾਇਨਾਂ ਅੱਗੇ ਪੜ੍ਹ ਕੇ ਕਿਤਾਬ ਦਾ ਪੰਨਾ ਮੋੜ ਕੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾ ਕੇ ਫਾਂਸੀ ਦੇ ਤਖ਼ਤੇ ਵੱਲ ਤੁਰ ਪਿਆ ਤੇ ਆਪਣੇ ਪਿਆਰੇ ਵਤਨ ਦੀ ਮਿੱਟੀ ਲਈ ਹੱਸਦਾ-ਹੱਸਦਾ ਸ਼ਹੀਦ ਹੋ ਗਿਆ।

ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਦੇਸ਼ ਪ੍ਰਤੀ ਵਿਚਾਰਧਾਰਾ ਨੂੰ ਅੱਜ ਫਿਰ ਨਵੇਂ ਸਿਰਿਓਂ ਘੋਖਣ ਅਤੇ ਵਿਚਾਰਨ ਦੀ ਲੋੜ ਹੈ। ਉਨ੍ਹਾਂ ਦੇ ਆਦਰਸ਼ਾਂ ਨੂੰ ਸਮਝਣ ਦੀ ਲੋੜ ਹੈ। ਉਹ ਕਿਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਅਤੇ ਅੱਜ ਸਾਡੇ ਸਮਾਜ ਦੇ ਕੀ ਹਾਲਾਤ ਬਣ ਰਹੇ ਹਨ ਇਸ 'ਤੇ ਵੱਡੀ ਪੱਧਰ 'ਤੇ ਚਰਚਾ ਕਰਨ ਦੀ ਲੋੜ ਹੈ। ਜਿਸ ਦੇਸ਼ ਵਿਚ ਜਵਾਨੀ ਦਾ ਕੋਈ ਭਵਿੱਖ ਨਾ ਹੋਵੇ, ਲੱਖਾਂ ਬੇਰੁਜ਼ਗਾਰ ਮੁੰਡੇ-ਕੁੜੀਆਂ ਡਿਗਰੀਆਂ, ਡਿਪਲੋਮੇ ਚੁੱਕੀ ਦਰ-ਬ-ਦਰ ਦੀਆਂ ਠੋਕਰਾਂ ਖਾ ਰਹੇ ਹੋਣ, ਜਿਸ ਮੁਲਕ ਦਾ ਹਰ ਪੜ੍ਹਿਆ-ਲਿਖਿਆ ਬੰਦਾ ਇਹ ਸੋਚਦਾ ਹੈ ਕਿ ਕਿਸੇ ਤਰ੍ਹਾਂ ਵੱਡੀ ਰਕਮ ਖਰਚ ਕੇ ਇਸ ਦੇਸ਼ ਨੂੰ ਛੱਡ ਕੇ ਉਹ ਕਿਤੇ ਬਾਹਰ ਜਾ ਵੱਸੇ ਤਾਂ ਕਿ ਉਸ ਦਾ ਅਤੇ ਉਸ ਦੀ ਔਲਾਦ ਦਾ ਭਵਿੱਖ ਸੁਰੱਖਿਅਤ ਹੋ ਜਾਵੇ। ਕੀ ਇਹ ਉਹ ਦੇਸ਼ ਹੈ, ਜਿਸ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ, ਗ਼ਦਰੀ ਬਾਬਿਆਂ ਅਤੇ ਅਨੇਕਾਂ ਹੋਰ ਸ਼ਹੀਦਾਂ ਨੇ ਸਖ਼ਤ ਸਜ਼ਾਵਾਂ ਝੱਲੀਆਂ, ਘਰ ਪਰਿਵਾਰ ਤਿਆਗੇ, ਦੇਸ਼ ਦੇ ਚੰਗੇ ਭਵਿੱਖ ਲਈ ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਕਾਲ ਕੋਠੜੀਆਂ ਵਿਚ ਆਪਣੇ ਤਨ ਗਾਲੇ, ਕਾਲੇ ਪਾਣੀਆਂ ਦੀਆਂ ਮੌਤਾਂ ਤੋਂ ਵੀ ਬੁਰੀਆਂ ਸਜ਼ਾਵਾਂ ਝੱਲੀਆਂ। ਹਰ ਸਾਲ 15 ਅਗਸਤ ਨੂੰ ਭਾਵੇਂ ਆਜ਼ਾਦੀ ਦੇ ਸਰਕਾਰੀ ਜਸ਼ਨ ਮਨਾਏ ਜਾਂਦੇ ਹਨ ਪਰ ਇਹ ਆਜ਼ਾਦੀ ਸਾਡੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਹੈ। ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੁਣ ਫਿਰ ਦੇਸ਼ ਨੂੰ ਇਕ ਹੋਰ ਵੱਡੇ ਇਨਕਲਾਬ ਦੀ ਲੋੜ ਹੈ, ਕਿਉਂਕਿ ਭਗਤ ਸਿੰਘ ਨੇ ਕਿਹਾ ਸੀ, 'ਅੰਗਰੇਜ਼ੀ ਗੁਲਾਮੀ ਵਿਰੁੱਧ ਸੰਘਰਸ਼ ਤਾਂ ਸਾਡੇ ਸੰਗਰਾਮ ਦਾ ਪਹਿਲਾ ਮੋਰਚਾ ਹੈ, ਅੰਤਿਮ ਲੜਾਈ ਤਾਂ ਅਸੀਂ ਲੁੱਟ-ਖਸੁੱਟ ਦੇ ਖਿਲਾਫ਼ ਲੜਨੀ ਹੈ।'

# ਲਾਹੌਰ ਸੈਂਟਰਲ ਜੇਲ੍ਹ ਵਿਚਲਾ ਫਾਂਸ਼ੀ ਦਾ ਤਖ਼ਤਾ



ਇਹ ਫਾਂਸ਼ੀ ਦਾ ਤਖ਼ਤਾ ਯਾਦਗਾਰ ਨਿਸ਼ਾਨੀ ਹੈ ਉਹਨਾਂ ਬਹਾਦਰ ਇਨਕਲਾਬੀਆਂ ਦੀ ਅਨਮੋਲ ਕੁਰਬਾਨੀ ਦਾ, ਜਿਹੜੇ ਇਸ ਤਖ਼ਤੇ 'ਤੇ ਚੜ੍ਹ ਕੇ, ਫਾਂਸ਼ੀ ਦੇ ਫੰਦੇ ਗਲ ਵਿਚ ਪਾ ਕੇ ਦੇਸ਼ ਉਤੋਂ ਨਿਛਾਵਰ ਹੋ ਗਏ। ਕਰਤਾਰ ਸਿੰਘ ਸਰਾਭਾ ਤੇ ਉਹਦੇ ਸਾਥੀਆਂ ਨੇ ਏਸੇ ਫੱਟੇ 'ਤੇ ਕਦਮ ਰੱਖੇ ਹੋਣਗੇ। ਲਾਹੌਰ ਦੇ ਸਾਰੇ ਸਾਜ਼ਿਸ਼ ਕੇਸਾਂ ਦੇ ਸੂਰਮੇ ਏਸੇ ਫੱਟੇ ਤੇ ਚੜ੍ਹ ਕੇ ਜਾਨਾਂ ਨਿਛਾਵਰ ਕਰ ਗਏ। ਕੁਰਬਾਨੀਆਂ ਦਾ ਇਹ ਸਿਲਸਿਲਾ ਚੱਲ ਸੋ ਚੱਲ ਚੱਲਦਾ ਰਿਹਾ। ਗ਼ਦਰੀਆਂ ਤੋਂ ਬਾਅਦ ਬੱਬਰ ਅਕਾਲੀ ਤੇ ਫਿਰ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਨੇ ਏਸੇ ਤਖ਼ਤੇ 'ਤੇ 'ਸਰ ਫ਼ਰੋਸ਼ੀ ਕੀ ਤਮੰਨਾ' ਗਾਉਂਦਿਆਂ ਜਾਨ ਦੀ ਬਾਜ਼ੀ ਲਾਈ। ਇਹ ਤਖ਼ਤਾ ਆਜ਼ਾਦੀ ਦੀ ਲੜਾਈ ਵਿਚ ਦਿੱਤੀਆਂ ਅਨੇਕਾਂ ਲੜੀਵਾਰ ਕੁਰਬਾਨੀਆਂ ਦਾ ਚਸ਼ਮਦੀਦ ਗਵਾਹ ਹੈ। ਇਹ ਤਖ਼ਤਾ ਦੱਸਦਾ ਹੈ ਕਿ ਇਕ ਇਨਕਲਾਬੀ ਤਹਿਰੀਕ ਕਿਵੇਂ ਅਗਲੀ ਇਨਕਲਾਬੀ ਤਹਿਰੀਕ ਲਈ ਪ੍ਰੇਰਨਾ ਦਾ ਸੋਮਾ ਬਣਦੀ ਰਹੀ। ਕਿਵੇਂ ਆਪਣੀ ਵਾਰੀ ਤੇ ਨਵੇਂ ਇਨਕਲਾਬੀ ਪੁਰਾਣਿਆਂ ਦੀ ਰੀਤ ਨੂੰ ਅੱਗੇ ਤੋਰਦੇ ਰਹੇ। ਜੇ ਕਰਤਾਰ ਸਿੰਘ ਸਰਾਭੇ ਨੇ ਕਦੀ 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ' ਜਾਂ 'ਹਿੰਦ ਵਾਸੀਓ ਰੱਖਣਾ ਯਾਦ ਸਾਨੂੰ' ਗਾਉਂਦਿਆਂ ਜਾਨ ਦੀ ਬਾਜੀ ਲਾਈ ਸੀ ਤਾਂ ਕਿਵੇਂ ਉਹ ਭਗਤ ਸਿੰਘ ਲਈ ਵੀ 'ਮੇਰਾ ਰੰਗ ਦੇ ਬਸੰਤੀ ਚੋਲਾ' ਗਾਉਣ ਤੇ ਸਿਰ ਨਾਲ ਬਾਜ਼ੀ ਪੁਗਾਉਣ ਦੀ ਪ੍ਰੇਰਨਾ ਤੇ ਕੁਰਬਾਨੀ ਦਾ ਸਰੋਤ ਹੋ ਨਿੱਬੜਿਆ ਸੀ ਇਹ ਤਖ਼ਤਾ ਇਨਕਲਾਬੀ ਤਹਿਰੀਕ ਦੀ ਨਿਰੰਤਰਤਾ ਦਾ ਵੀ ਪ੍ਰਤੀਕ ਸੀ। ਇਹ ਤਹਿਰੀਕ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਲੜੀ ਜਾ ਰਹੀ ਹੈ ਜਾਂ ਲੜੀ ਜਾਣੀ ਹੈ।


**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਉਂਡੇਸ਼ਨ**
**ਚੰਡੀਗੜ੍ਹ**
98155-40240




ਇਸ ਤਖ਼ਤੇ ਵੱਲ ਵੇਖਦਿਆਂ ਉਹਨਾਂ ਸ਼ਹੀਦ ਹੋਣ ਵਾਲੇ ਸੂਰਮਿਆਂ ਦੇ ਮਨਾਂ ਵਿਚ ਉਹਨਾਂ ਪਲਾਂ ਵਿਚ ਮੱਚ ਰਹੀ ਖਲਬਲੀ ਦਾ ਚੇਤਾ ਵੀ ਆਉਂਦਾ ਹੈ। ਜਦੋਂ ਉਹ ਤਖ਼ਤੇ 'ਤੇ ਚੜ੍ਹੇ ਹੋਣਗੇ ਤਾਂ ਕੀ ਕੀ ਅਰਮਾਨ ਹੋਣਗੇ ਉਹਨਾਂ ਦੇ ਦਿਲ ਵਿਚ! ਕੀ ਕੀ ਸੁਪਨੇ ਹੋਣਗੇ ਉਹਨਾਂ ਦੀਆਂ ਅੱਖਾਂ ਵਿਚ! ਆਖ਼ਰੀ ਸਾਹ ਲੈਣ ਤੋਂ ਪਹਿਲਾਂ ਉਹਨਾਂ ਨੇ ਕੀ ਕੀ ਸੋਚਿਆ ਹੋਵੇਗਾ ਆਪਣੀ ਜ਼ਿੰਦਗੀ ਬਾਰੇ, ਆਪਣੀ ਮੌਤ ਬਾਰੇ। ਆਪਣੇ ਦੇਸ਼ ਤੇ ਦੇਸ਼ ਵਾਸੀਆਂ ਬਾਰੇ। ਪਿੱਛੇ ਰਹਿ ਗਏ ਆਪਣੇ ਟੱਬਰ ਦੇ ਜੀਆਂ ਬਾਰੇ। ਪਤਨੀਆਂ ਬਾਰੇ, ਬੱਚਿਆਂ ਬਾਰੇ, ਮਾਂ-ਬਾਪ ਬਾਰੇ। ਜਿਨ੍ਹਾਂ ਦਾ ਉਹਨਾਂ ਨੇ ਆਸਰਾ ਬਣਨਾ ਸੀ, ਡੰਗੋਰੀ ਬਣਨਾ ਸੀ। ਉਹਨਾਂ ਤਾਂ ਸੋਚਿਆ ਹੋਊ ਕਿ ਦੇਸ਼ ਆਜ਼ਾਦ ਹੋਣ ਬਾਅਦ ਉਹਨਾਂ ਦੇ ਸੁਪਨਿਆਂ ਦੇ ਰਾਜ ਤੇ ਸਮਾਜ ਦੀ ਉਸਾਰੀ ਹੋਵੇਗੀ। ਬਾਕੀ ਦੇਸ਼ ਵਾਸੀਆਂ ਵਾਂਗ ਉਹਨਾਂ ਦੇ ਪਰਿਵਾਰਾਂ ਦੇ ਦੁੱਖ ਤੇ ਗਰੀਬੀ ਵੀ ਕੱਟੀ ਜਾਊ। ਪਰ ਕੀ ਪਤਾ ਸੀ ਦੇਸ਼ ਆਜ਼ਾਦ ਹੋਣ ਬਾਅਦ ਵੀ ਉਹਦੇ ਬਹੁ-ਗਿਣਤੀ ਦੇਸ-ਵਾਸੀਆਂ ਵਾਂਗ ਉਹਨਾਂ ਦੇ ਬਹੁਤੇ ਟੱਬਰਾਂ ਦੀ ਤਕਦੀਰ ਵਿਚ ਵੀ ਰੁਲਣਾ ਤੇ ਦੁੱਖ ਭੋਗਣਾ ਹੀ ਲਿਖਿਆ ਹੋਣਾ ਸੀ। ਇਸ ਤਖ਼ਤੇ ਨੇ ਆਪਣਾ ਰੂਪ ਬਦਲ ਕੇ ਹੋਰ ਕਈ ਸ਼ਕਲਾਂ ਵਿਚ ਉਹਨਾਂ ਸੂਰਮਿਆਂ ਦੇ ਰਾਹਾਂ 'ਤੇ ਤੁਰਨ ਵਾਲਿਆਂ ਨਾਲ ਉਹੋ ਸਲੂਕ ਕਰਨਾ ਸੀ। ਉਹਨਾਂ ਨੂੰ ਕੀ ਪਤਾ ਸੀ ਇਸ ਲੜਾਈ ਨੇ ਕਿੰਨਾ ਲੰਮਾ ਚੱਲਣਾ ਸੀ!

ਫਾਂਸ਼ੀ ਦਾ ਇਹ ਤਖ਼ਤਾ ਉਹਨਾਂ ਜਿੰਦਾ ਸ਼ਹੀਦਾਂ ਦੀ ਯਾਦ ਵੀ ਦਿਵਾਉਂਦਾ ਹੈ, ਜਿਹੜੇ ਫਾਂਸ਼ੀ ਚੜ੍ਹਨੋਂ ਤਾਂ ਕਿਸੇ ਨਾ ਕਿਸੇ ਸੂਰਤ ਵਿਚ ਬਚ ਗਏ, ਪਰ ਜਿਨ੍ਹਾਂ ਨੇ ਸਾਰੀ ਉਮਰ ਵਤਨ ਅਤੇ ਜ਼ਮੀਰ ਨਾਲ ਕੀਤੇ ਕੌਲ ਨੂੰ ਆਖ਼ਰੀ ਸਾਹਾਂ ਤੱਕ ਨਿਭਾਇਆ। ਦੇਸ਼ ਲਈ ਮਰ ਜਾਣਾ ਨਿਸ਼ਚੈ ਹੀ ਬੇਮਿਸਾਲ ਕੁਰਬਾਨੀ ਅਤੇ ਬਹਾਦਰੀ ਦੀ ਮਿਸਾਲ ਹੈ ਪਰ ਜਿਊਂਦੇ ਰਹਿ ਕੇ ਆਪਣੇ ਲੋਕਾਂ ਲਈ ਲਗਾਤਾਰ ਲੜਨਾ, ਡਿੱਗਣਾ, ਉਠਣਾ ਤੇ ਮੁੜ ਲੜਨਾ ਤੇ ਲੜਦੇ ਜਾਣਾ; ਕਿਸੇ ਲਾਲਚ ਜਾਂ ਕਮਜ਼ੋਰੀ ਵਿਚ ਆ ਕੇ ਦਿਲ ਨਾ ਛੱਡਣਾ; ਆਪਣੇ ਪਵਿੱਤਰ ਨਿਸ਼ਾਨੇ ਨੂੰ ਹਰਦਮ ਆਪਣੀ ਨਜ਼ਰ ਦਾ ਕੇਂਦਰ ਬਣਾਈ ਰੱਖਣਾ ਵੀ ਕੋਈ ਸਹਿਲ ਕਾਰਜ ਨਹੀਂ। ਜਿਨ੍ਹਾਂ ਦੇਸ਼ ਭਗਤਾਂ ਨੇ ਇਹ ਕਾਰਜ ਸਿਰੇ ਚੜ੍ਹਾਉਂਦਿਆਂ ਆਪਣੀ ਚਿੱਟੀ ਪੱਗ ਨੂੰ ਦਾਗ਼ ਨਾ ਲੱਗਣ ਦਿੱਤਾ ਅਤੇ ਉਹ ਨਵੀਂ ਨਸਲ ਲਈ ਹਮੇਸ਼ਾ ਜਿਊਂਦੀ, ਜਗਦੀ ਤੇ ਜਾਗਦੀ ਪ੍ਰੇਰਨਾ ਦਾ ਸੋਮਾ ਬਣੇ ਰਹੇ ਉਹਨਾਂ ਦੀ ਬੇਮਿਸਾਲ ਕੁਰਬਾਨੀ ਦਾ ਮਹੱਤਵ ਵੀ ਕਿਸੇ ਸੂਰਤ ਵਿਚ ਘੱਟ ਨਹੀਂ। ਆਪਣੇ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਇਹਨਾਂ ਉਮਰ ਭਰ ਜੂਝਣ ਤੇ ਕੁਰਬਾਨ ਹੋਣ ਵਾਲੇ ਮਰਜੀਵੜਿਆਂ ਦੀ ਅਣੁੱਕ ਸਮਰੱਥਾ ਤੇ ਅਸੀਮ ਕੁਰਬਾਨੀ ਅੱਗੇ ਸਿਰ ਝੁਕਾਉਣਾ ਵੀ ਸਾਡਾ ਫ਼ਰਜ਼ ਹੈ। ਭਗਤ ਸਿੰਘ ਨੇ ਆਪਣੇ ਸਾਥੀ ਨੂੰ ਲਿਖਿਆ ਸੀ, "ਮੈਂ ਜਾਨ ਦੇ ਕੇ ਸਾਬਤ ਕਰਨਾ ਹੈ ਕਿ ਇਕ ਇਨਕਲਾਬੀ ਕਿਵੇਂ ਕੁਰਬਾਨ ਹੋ ਸਕਦਾ ਹੈ ਤੇ ਤੂੰ ਇਹ ਸਾਬਤ ਕਰਨਾ ਹੈ ਕਿ ਜੇ ਇਨਕਲਾਬੀ ਜਿਊਂਦਾ ਰਹਿੰਦਾ ਹੈ ਤਾਂ ਉਹ ਕਿੰਨੀ ਸ਼ਾਨ ਨਾਲ ਜਿਊਂਦਾ ਹੈ।" ਇਹ ਤਖ਼ਤਾ 'ਸ਼ਾਨ' ਨਾਲ ਕੁਰਬਾਨ ਹੋਣ ਵਾਲਿਆਂ ਦੀ ਕੁਰਬਾਨੀ ਦਾ ਪ੍ਰਤੀਕ ਹੈ ਤੇ ਇਹ ਸੁਨੇਹਾ ਵੀ ਦਿੰਦਾ ਹੈ ਕਿ ਜਿਹੜੇ ਇਨਕਲਾਬ ਦੇ ਰਾਹ ਜਿਊਂਦੇ-ਜੀਅ ਤੁਰ ਰਹੇ ਸਨ ਉਹਨਾਂ ਨੇ ਵੀ ਕਿੰਨੇ ਸ਼ਾਨ ਨਾਲ ਜੀਵਨ ਜੀਵਿਆ। ਬਾਬਾ ਸੋਹਨ ਸਿੰਘ ਭਕਨਾ ਤੇ ਉਹਨਾਂ ਦੇ ਸਾਥੀਆਂ ਦੀ ਜ਼ਿੰਦਗੀ ਜਿਊਂਦੇ ਬਚੇ ਰਹਿ ਗਏ ਇਨਕਲਾਬੀਆਂ ਦੀ ਸ਼ਾਨਾ-ਮੱਤੀ ਉਦਾਹਰਣ ਹੈ।


**ਧੰਨਵਾਦ ਸਹਿਤ ਦੇਸ਼ ਭਗਤ ਯਾਦਗਾਰ ਹਾਲ**

# ਪ੍ਰਦੂਸ਼ਣ ਇੱਕ ਸਮੱਸਿਆ

ਅੱਜ ਮੈਂ ਤੁਹਾਡਾ ਨਾਲ ਇੱਕ ਅਜਿਹੇ ਮੁੱਦੇ 'ਤੇ ਗੱਲ ਕਰਨ ਜਾ ਰਹੀ ਹਾਂ, ਜਿਸ ਬਾਰੇ ਅਸੀਂ ਬਹੁਤ ਚੰਗੀ ਤਰ੍ਹਾਂ ਜਾਣਦੇ ਹਾਂ ਪਰ ਸ਼ਾਇਦ ਹੀ ਸਾਡੇ ਵਿੱਚੋਂ ਕੋਈ ਹੋਵੇ ਜੋ ਇਸ ਲਈ ਕੁਝ ਉਪਾਅ ਕਰਦਾ ਹੋਵੇ।

ਅੱਜ ਸੰਸਾਰ ਭਰ ਵਿੱਚ ਪ੍ਰਦੂਸ਼ਣ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪ੍ਰਦੂਸ਼ਣ ਦਾ ਮਤਲਬ ਹੈ ਪ੍ਰਾਂਕਿਰਤਿਕ ਵਾਤਾਵਰਣ ਵਿੱਚ ਕੁਝ ਅਣਚਾਹੀਆਂ ਤਬਦੀਲੀਆਂ ਦਾ ਆ ਜਾਣਾ। ਜਦੋਂ ਪਾਣੀ ਤੇ ਹਵਾ ਵਿੱਚ ਗੰਧਲਾਪਣ ਆ ਜਾਂਦਾ ਹੈ ਤਾਂ ਜੀਵਾਂ, ਪੌਦਿਆਂ ਆਦਿ 'ਤੇ ਭੈੜਾ ਅਸਰ ਪੈਂਦਾ ਹੈ। ਅੱਜ ਦਾ ਮਨੁੱਖ ਪ੍ਰਦੂਸ਼ਣ ਦੀ ਇਸ ਸਮੱਸਿਆ ਤੋਂ ਬੜਾ ਪ੍ਰੇਸ਼ਾਨ ਹੈ, ਕਿਉਂਕਿ ਇਸ ਤੋਂ ਅਨੇਕਾਂ ਕਿਸਮ ਦੀਆਂ ਬਿਮਾਰੀਆਂ ਪੈਦਾ ਹੋ ਰਹੀਆਂ ਹਨ।


**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535




ਪ੍ਰਦੂਸ਼ਣ ਕਈ ਕਾਰਨਾਂ ਕਾਰਨ ਦੁਆਰਾ ਪੈਦਾ ਹੁੰਦਾ ਹੈ। ਮੁੱਖ ਤੌਰ 'ਤੇ ਇਹ ਹਵਾ-ਪਾਣੀ ਅਤੇ ਜ਼ਿਆਦਾ ਉੱਚੀ ਆਵਾਜ਼ ਤੋਂ ਪੈਦਾ ਹੁੰਦਾ ਹੈ। ਹਵਾ ਪ੍ਰਦੂਸ਼ਣ ਕਈ ਸਾਧਨਾਂ ਦੁਆਰਾ ਪੈਦਾ ਹੁੰਦਾ ਹੈ। ਜਦੋਂ ਕਾਰਖਾਨਿਆਂ ਦਾ ਗਲਿਆ-ਸੜਿਆ ਕਚਰਾ ਬਾਹਰ ਸੁੱਟ ਦਿੱਤਾ ਜਾਂਦਾ ਹੈ ਤੇ ਇਸ ਦੀ ਬਦਬੂ ਹਵਾ ਵਿੱਚ ਮਿਲ ਕੇ ਇਸ ਨੂੰ ਪ੍ਰਦੂਸ਼ਿਤ ਕਰਦੀ ਹੈ। ਫੈਟਕਰੀਆਂ, ਮੋਟਰ ਗੱਡੀਆਂ ਆਦਿ ਦਾ ਧੂੰਆਂ ਵੀ ਹਵਾ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਇਨ੍ਹਾਂ ਮੋਟਰ ਗੱਡੀਆਂ ਨਾਲ ਘੱਟਾ-ਮਿੱਟੀ ਹਵਾ ਵਿੱਚ ਰਲ ਕੇ ਵਾਤਾਵਰਣ ਨੂੰ ਗੰਦਾ ਕਰਦਾ ਹੈ। ਘਰੇਲੂ ਬਾਲਣ, ਕੋਲਾ, ਤੇਲ, ਕੀਟਨਾਸ਼ਕ ਤੇ ਨਦੀਨ ਨਾਸ਼ਕ ਦਵਾਈਆਂ ਦਾ ਛਿੜਕਾਅ ਹਵਾ ਨੂੰ ਗੰਧਲਾ ਕਰਦੇ ਹਨ। ਇਸ ਤਰ੍ਹਾਂ ਹਵਾ ਵਿੱਚ ਪ੍ਰਦੂਸ਼ਣ ਪੈਦਾ ਹੁੰਦਾ ਹੈ।

ਹਵਾ ਰਾਹੀਂ ਇਹ ਗੰਦੀਆਂ ਗੈਸਾਂ ਮਨੁੱਖ ਦੇ ਮੂੰਹ, ਨੱਕ ਅਤੇ ਗਲੇ ਅੰਦਰ ਜਾਂਦੀਆਂ ਹਨ। ਇਹ ਮਨੁੱਖ ਨੂੰ ਅੱਖਾਂ ਦੇ ਰੋਗ, ਸਿਰ ਦਰਦ, ਸਾਹ ਨਲੀ ਦਾ ਕੈਂਸਰ ਆਦਿ ਬਿਮਾਰੀਆਂ ਪੈਦਾ ਕਰਦੀਆਂ ਹਨ। ਹਵਾ ਵਾਂਗ ਪ੍ਰਦੂਸ਼ਣ ਵੀ ਕਈ ਸਾਧਨਾਂ ਰਾਹੀਂ ਪੈਦਾ ਹੁੰਦਾ ਹੈ। ਕਾਰਖਾਨਿਆਂ ਦਾ ਗੰਦਾ ਪਾਣੀ ਅਤੇ ਘਰੇਲੂ ਗੰਦਾ ਪਾਣੀ ਨਦੀਆਂ ਵਿੱਚ ਡਿੱਗਦਾ ਹੈ। ਇਸ ਪਾਣੀ ਵਿੱਚ ਹਾਨੀਕਾਰਕ ਰਸਾਇਣਕ ਪਦਾਰਥ ਘੁਲੇ ਹੋਏ ਹੁੰਦੇ ਹਨ। ਇਹ ਨਦੀਆਂ ਦੇ ਪਾਣੀ ਨੂੰ ਜ਼ਹਿਰੀਲਾ ਕਰ ਦਿੰਦੇ ਹਨ। ਇਸ ਨਾਲ ਜਲ-ਜੀਵਾਂ ਦਾ ਜੀਵਨ ਖਤਰੇ ਵਿੱਚ ਪੈ ਜਾਂਦਾ ਹੈ। ਇਸ ਨਾਲ ਹੈਜ਼ਾ, ਮਿਆਦੀ ਬੁਖਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ।

ਧੁਨੀ ਪ੍ਰਦੂਸ਼ਣ ਵੀ ਵੱਡੀਆਂ-ਵੱਡੀਆਂ ਫੈਕਟਰੀਆਂ ਅਤੇ ਸ਼ਹਿਰਾਂ ਦੇ ਰੌਲੇ-ਰੱਪੇ ਤੋਂ ਪੈਦਾ ਹੁੰਦਾ ਹੈ। ਅੱਜ-ਕੱਲ੍ਹ ਫੈਕਟਰੀਆਂ, ਘਰਾਂ, ਸਕੂਲਾਂ ਅਤੇ ਹਸਪਤਾਲਾਂ ਆਦਿ ਦੇ ਨੇੜੇ ਬਣ ਗਈਆਂ ਹਨ, ਜਿਸ ਨਾਲ ਆਮ ਜ਼ਿੰਦਗੀ 'ਤੇ ਇਸ ਦਾ ਬਹੁਤ ਅਸਰ ਹੋ ਰਿਹਾ ਹੈ। ਸ਼ਹਿਰਾਂ ਜਾਂ ਪਿੰਡਾਂ ਵਿੱਚ ਲਾਊਡ ਸਪੀਕਰਾਂ ਦਾ ਉੱਚੀ-ਉੱਚੀ ਵੱਜਣਾ ਵੀ ਧੁਨੀ ਪ੍ਰਦੂਸ਼ਣ ਦਾ ਕਾਰਣ ਬਣਦਾ ਹੈ। ਉੱਚੀਆਂ ਆਵਾਜ਼ਾਂ ਦਾ ਅਸਰ ਸਿਰਫ਼ ਕੰਨਾਂ 'ਤੇ ਹੀ ਨਹੀਂ, ਬਲਕਿ ਬਲੱਡ ਪ੍ਰੈਸ਼ਰ, ਸਿਰ ਦਰਦ, ਦਿਲ ਦੀ ਹਰਕਤ ਆਦਿ ਵਰਗੀਆਂ ਬਿਮਾਰੀਆਂ ਪੈਦਾ ਕਰਦਾ ਹੈ।

ਅੱਜ ਹਰ ਕੋਈ ਇਸੇ ਸੋਚ ਵਿੱਚ ਡੁੱਬਿਆ ਹੋਇਆ ਹੈ ਕਿ ਇਸ ਪ੍ਰਦੂਸਣ ਜਿਹੀ ਬਿਮਾਰੀ ਤੋਂ ਕਿਵੇਂ ਬਚਿਆ ਜਾਵੇ? ਇਸ ਵਾਸਤੇ ਕਾਫ਼ੀ ਜੱਦੋ-ਜਹਿਦ ਦੀ ਲੋੜ ਹੈ। ਸਭ ਤੋਂ ਪਹਿਲਾਂ ਤਾਂ ਹਵਾ ਅਤੇ ਧੁਨੀ ਪ੍ਰਦੂਸ਼ਣ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਸਨਅਤੀ ਅਦਾਰੇ ਸ਼ਹਿਰਾਂ ਅਤੇ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਹੋਣੇ ਚਾਹੀਦੇ ਹਨ। ਫੈਕਟਰੀਆਂ ਦੀਆਂ ਧੂੰਏਂ ਵਾਲੀਆਂ ਚਿਮਨੀਆਂ ਉੱਚੀਆਂ-ਉੱਚੀਆਂ ਹੋਣੀਆਂ ਚਾਹੀਦੀਆਂ ਹਨ।

ਸੀਵਰੇਜ਼ ਦੇ ਗੰਦੇ ਪਾਣੀ ਨੂੰ ਸ਼ੁੱਧ ਕਰਕੇ ਅਸੀਂ ਜਲ ਪ੍ਰਦੂਸ਼ਣ ਨੂੰ ਰੋਕਣ ਵਿੱਚ ਕਾਮਯਾਬ ਹੋ ਸਕਦਾ ਹਾਂ। ਪੈਟਰੋਲ ਅਤੇ ਡੀਜ਼ਲ ਵਾਲੀਆਂ ਗੱਡੀਆਂ ਦੀ ਸਮੇਂ-ਸਮੇਂ ਜਾਂਚ ਕਰਵਾਈ ਜਾਵੇ ਅਤੇ ਇਨ੍ਹਾਂ ਨੂੰ 'ਓਵਰਲੋਡ' ਹੋਣ ਤੋਂ ਰੋਕਿਆ ਜਾਵੇ। ਜੰਗਲਾਂ ਨੂੰ ਕੱਟਣ 'ਤੇ ਰੋਕ ਲਗਾਈ ਜਾਵੇ ਅਤੇ ਵੱਧ ਤੋਂ ਵੱਧ ਰੁੱਖ ਲਗਾਏ ਜਾਣੇ ਚਾਹੀਦੇ ਹਨ।

**ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ।।**

# ਜੀਵਨ ਵਿਕਾਸ - ਇਕ ਸੰਘਰਸ਼

**ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)**

## ਲੁਬਾਣਾ ਵੈਲਫੇਅਰ ਟਰੱਸਟ (ਰਜਿ.) ਕਪੂਰਥਲਾ

ਸਾਲ 1947 ਦੀ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਉੱਜੜ ਕੇ ਆਈ ਲੁਬਾਣਾ ਬਰਾਦਰੀ ਨੂੰ ਨੇੜਲੇ ਇਲਾਕਿਆਂ ਵਿੱਚ ਮੁੜ ਵਸਾਉਣ ਦੀ ਸਮੱਸਿਆ ਬੜੀ ਗੰਭੀਰ ਸੀ। ਇਸ ਲਈ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲਾ ਸਹਾਈ ਹੋਏ। ਉਨ੍ਹਾਂ ਦੀ ਕਿਰਪਾ ਨਾਲ ਬਰਾਦਰੀ ਨੂੰ ਤਹਿਸੀਲ ਦਸੂਹਾ ਦੇ ਦੱਖਣ-ਪੱਛਮੀ ਭਾਗ ਵਿੱਚ ਅਤੇ ਨਾਲ ਲਗਦੀ ਜ਼ਿਲ੍ਹਾ ਕਪੂਰਥਲਾ ਦੀ ਤਹਿਸੀਲ ਭੁਲੱਥ ਵਿੱਚ ਜ਼ਮੀਨ ਅਲਾਟ ਕਰਕੇ ਮੁੜ ਵਸਾ ਦਿੱਤਾ ਗਿਆ। ਕਪੂਰਥਲਾ ਦੇ ਪਿੰਡ ਬੇਗੋਵਾਲ ਨੂੰ ਤਾਂ ਲੁਬਾਣਾ ਬਰਾਦਰੀ ਦੀ ਰਾਜਧਾਨੀ ਵੀ ਕਹਿਆ ਜਾਣ ਲੱਗ ਪਿਆ। ਇਲਾਕੇ ਦੇ ਸੂਝਵਾਨ ਪਤਵੰਤਿਆਂ ਦੇ ਉੱਦਮ ਨਾਲ ਭੁਲੱਥ ਤਹਿਸੀਲ ਵਿੱਚ ਉਚੇਰੀ ਸਿੱਖਿਆ ਲਈ ਦੋ ਕਾਲਜ ਵੀ ਖੁੱਲ੍ਹ ਗਏ। ਇਨ੍ਹਾਂ ਹਾਲਾਤ ਵਿੱਚ ਬਰਾਦਰੀ ਦੀਆਂ ਸਮਾਜਿਕ ਸਮੱਸਿਆਵਾਂ ਅਤੇ ਵਿਕਾਸ ਬਾਰੇ ਸੋਚ ਵਿਚਾਰ ਕਰਨ ਲਈ ਕਿਸੇ ਸਾਂਝੀ ਸੰਸਥਾ ਦਾ ਹੋਣਾ ਬਹੁਤ ਜ਼ਰੂਰੀ ਸੀ। ਇਸ ਬਾਰੇ ਮੇਰਾ ਸ. ਭਗਤ ਸਿੰਘ ਐਡਵੋਕੇਟ, ਤਹਿਸੀਲਦਾਰ ਮਿਹਰ ਸਿੰਘ ਨਡਾਲਾ, ਪ੍ਰਿੰਸੀਪਲ ਰਾਜਿੰਦਰ ਸਿੰਘ ਸੰਡਲਸ, ਸ. ਅਵਤਾਰ ਸਿੰਘ ਜਾਇੰਟ ਡਾਇਰੈਕਟਰ ਅਤੇ ਹੋਰ ਬਰਾਦਰੀ ਦਾ ਦਰਦ ਰੱਖਣ ਵਾਲੇ ਸੱਜਨਾਂ ਨਾਲ ਲੰਮੇ ਸਮੇਂ ਲਈ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਆਖਿਰ ਕਪੂਰਥਲਾ ਵਿਖੇ ਇਸ ਮੰਤਵ ਨਾਲ ਰਜਿਸਟਰਾਰ ਫਰਮਜ਼ ਐਂਡ ਸੁਸਾਇਟੀਜ਼ ਦੁਆਰਾ ਲੁਬਾਣਾ ਵੈੱਲਫੇਅਰ ਟਰੱਸਟ 1, ਅਮਨ ਨਗਰ, ਕਪੂਰਥਲਾ, ਸਾਲ 1983-84 ਦੇ ਨੰ : 18, ਮਿਤੀ 12.04.1983 ਤਹਿਤ ਰਜਿਸਟਰ ਕਰਵਾ ਦਿੱਤਾ ਗਿਆ।

ਇਸ ਦਾ ਮੁੱਖ ਉਦੇਸ਼ ਸੁਸਾਇਟੀ ਅਤੇ ਵਿਸ਼ੇਸ਼ ਤੌਰ 'ਤੇ ਲੁਬਾਣਾ ਬਰਾਦਰੀ ਦੇ ਕਮਜ਼ੋਰ ਰਹਿ ਗਏ ਵਰਗ ਦੇ ਸਮਾਜਿਕ, ਵਿੱਦਿਅਕ ਅਤੇ ਸਰਵ-ਪੱਖੀ ਵਿਕਾਸ ਲਈ ਸਹਾਈ ਹੋਣਾ ਹੈ। ਟਰੱਸਟ ਦਾ ਆਪਣਾ ਸੰਵਿਧਾਨ ਹੈ। ਇਸ ਦੇ ਮੁੱਢਲੇ ਦਸਤਾਵੇਜ਼ ਦੀ ਇਕ ਧਾਰਾ ਅਨੁਸਾਰ ਟਰੱਸਟ ਦੀ ਮੈਨੇਜਿੰਗ ਕਮੇਟੀ ਦੀ ਚੋਣ ਟਰੱਸਟ ਦੇ ਮੈਂਬਰਾਂ ਦੀ ਗਿਣਤੀ 50 ਹੋਣ ਤੋਂ ਬਾਅਦ ਹੀ ਹੋਵੇਗੀ। ਸਾਰਾ ਕੰਮਕਾਜ ਚਲਾਉਣ ਲਈ ਕਨਵੀਨਰ ਦੀ ਜ਼ਿੰਮੇਵਾਰੀ ਦਾਸ ਨੂੰ ਸੌਂਪ ਦਿੱਤੀ ਗਈ। ਲਗਭਗ 10 ਸਾਲ ਤੱਕ ਕੋਈ ਕਮੇਟੀ ਨਾ ਬਣ ਸਕੀ। ਮੈਨੇਜਿੰਗ ਕਮੇਟੀ ਦੀ ਚੋਣ ਲਈ ਗਵਰਨਿੰਗ ਬਾਡੀ ਦੀ ਮੀਟਿੰਗ ਮਿਤੀ 2.8.1992 ਨੂੰ ਆਯੋਜਿਤ ਹੋਈ ਜਿਸ ਵਿੱਚ ਸਰਬ ਸਮਤੀ ਨਾਲ ਫਿਰ ਮੈਨੂੰ ਹੀ ਪ੍ਰਧਾਨ ਥਾਪ ਦਿੱਤਾ ਗਿਆ। ਇਹ ਜ਼ਿੰਮੇਵਾਰੀ ਵੀ ਹੋਰ 15 ਸਾਲਾਂ ਤਕ ਨਿਭਾਉਂਦਾ ਰਿਹਾ।

ਇਸ ਦੌਰਾਨ ਟਰੱਸਟ ਦੀ ਮੈਂਬਰਸ਼ਿਪ ਵਧਾਉਣ ਤੇ ਜ਼ੋਰ ਦਿੱਤਾ ਗਿਆ ਅਤੇ ਦੇਸ ਪ੍ਰਦੇਸ ਤੋਂ ਕਈ ਬਰਾਦਰੀ ਹਤੈਸ਼ੀ ਮੈਂਬਰ ਬਣੇ। ਟਰੱਸਟ ਦੇ ਉਦੇਸ਼ਾਂ ਅਨੁਸਾਰ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਜਾਰੀ ਰਹੀਆਂ।

**ਕੁਝ ਵਰਨਣਯੋਗ ਹੋਏ ਕਾਰਜ ਇਸ ਪ੍ਰਕਾਰ ਸਨ :-**

**1. ਮੰਡਲ ਬੈਕਵਰਡ ਕਲਾਸਿਜ਼ ਕਮਿਸ਼ਨ** : ਭਾਈਚਾਰੇ ਨਾਲ ਸਬੰਧਤ ਇਸ ਮਹੱਤਵਪੂਰਨ ਸਮਾਚਾਰ ਦਾ ਪਹਿਲਾਂ ਜ਼ਿਕਰ ਨਹੀਂ ਹੋਇਆ। ਭਾਰਤ ਸਰਕਾਰ ਵੱਲੋਂ ਨਿਯੁਕਤ ਇਸ ਕਮਿਸ਼ਨ ਨੇ ਅਕਤੂਬਰ, 1980 ਵਿੱਚ ਪੰਜਾਬ ਦਾ ਦੌਰਾ ਕੀਤਾ। ਸ. ਅਵਤਾਰ ਸਿੰਘ ਲੁਬਾਣਾ ਉਸ ਵੇਲੇ ਭਲਾਈ ਵਿਭਾਗ ਪੰਜਾਬ ਵਿੱਚ ਡਿਪਟੀ ਡਾਇਰੈਕਟਰ ਸਨ। ਉਹ ਇਸ ਕਮਿਸ਼ਨ ਦੇ ਪੰਜਾਬ ਦੌਰੇ ਦੇ ਪ੍ਰਬੰਧਾਂ ਦੇ ਇੰਚਾਰਜ ਸਨ। ਇਸ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਬੀ.ਪੀ. ਮੰਡਲ ਐਮ.ਪੀ. ਬਿਹਾਰ ਦੇ ਸਾਬਕਾ ਮੁੱਖ ਮੰਤਰੀ ਸਨ। ਸ਼੍ਰੀ ਐਲ.ਆਰ. ਨਾਇਕ ਐਮ.ਪੀ. (ਜੋ ਪਹਿਲਾਂ ਆਪਣੇ ਆਪ ਨੂੰ ਲੁਬਾਣਾ ਲਿਖਦੇ ਸਨ) ਇਸ ਦੇ ਇਕ ਮੈਂਬਰ ਸਨ। ਸ. ਭਗਤ ਸਿੰਘ ਐਡਵੋਕੇਟ (ਸਾਬਕਾ ਜ਼ਿਲ੍ਹਾ ਭਲਾਈ ਅਫਸਰ) ਕਮਿਸ਼ਨ ਦੇ ਇਕ ਕੋਆਪਟਿਡ ਮੈਂਬਰ ਸਨ। ਮਿਤੀ 16 ਅਕਤੂਬਰ, 1980 ਨੂੰ ਕਪੂਰਥਲਾ ਰੈਸਟ ਹਾਊਸ ਵਿਖੇ ਸ. ਅਵਤਾਰ ਸਿੰਘ ਵੀ ਕਮਿਸ਼ਨ ਨਾਲ ਬੈਠੇ ਸਨ। ਇਸ ਤਰ੍ਹਾਂ ਉਸ ਦਿਨ ਸਾਡੇ ਸਾਹਮਣੇ ਬੈਠੇ ਕਮਿਸ਼ਨ ਵਿੱਚ ਤਿੰਨ ਮੈਂਬਰ ਲੁਬਾਣਾ ਭਾਈਚਾਰੇ ਨਾਲ ਸਬੰਧ ਰੱਖਦੇ ਸਨ। ਇਹ ਬੜੀ ਖੁਸ਼ੀ ਵਾਲੀ ਗੱਲ ਸੀ। ਪੰਜਾਬ ਦੀ ਲੁਬਾਣਾ ਬਰਾਦਰੀ ਦਾ ਇੱਕ ਡੈਪੂਟੇਸ਼ਨ ਦਾਸ ਦੀ ਅਗਵਾਈ ਵਿੱਚ ਆਲ ਇੰਡੀਆ ਲੁਬਾਣਾ ਸਭਾ (ਰਜਿ.) ਵੱਲੋਂ ਕਮਿਸ਼ਨ ਨੂੰ ਮਿਲਿਆ ਅਤੇ ਇਕ ਪੰਜ ਸਫਿਆਂ ਦਾ ਮੈਮੋਰੈਂਡਮ ਕਮਿਸ਼ਨ ਨੂੰ ਦਿੱਤਾ ਗਿਆ। ਪ੍ਰੋ. ਵਰਿਆਮ ਸਿੰਘ, ਕਰਨਲ ਗੁਰਮੀਤ ਸਿੰਘ ਲੁਬਾਣਾ, ਪ੍ਰੋ. ਰਾਜਿੰਦਰ ਸਿੰਘ ਸੰਡਲਸ ਅਤੇ ਗਿਆਨੀ ਹਰਚਰਨ ਸਿੰਘ ਨੰਗਲ ਲੁਬਾਣਾ ਨੇ ਮੈਮੋ ਬਾਰੇ ਕਮਿਸ਼ਨ ਨਾਲ ਖੁਲ੍ਹ ਕੇ ਗੱਲਬਾਤ ਕੀਤੀ ਅਤੇ ਪੰਜਾਬ ਦੀ ਲੁਬਾਣਾ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ ਦੀ ਲਿਸਟ ਵਿੱਚ ਸ਼ਾਮਿਲ ਕਰਨ ਲਈ ਬੇਨਤੀ ਕੀਤੀ। ਵਫਦ ਦੇ ਹੋਰ ਮੈਂਬਰਾਂ ਵਿੱਚ ਸਰਵ ਸ਼੍ਰੀ ਜਗਤਾਰ ਸਿੰਘ ਮੁਲਤਾਨੀ, ਲਖਬੀਰ ਸਿੰਘ ਐਡਵੋਕੇਟ, ਪ੍ਰੋ. ਤਰਲੋਕ ਸਿੰਘ, ਜਰਨੈਲ ਸਿੰਘ

ਨਡਾਲਾ ਅਤੇ ਮਹਿਰ ਸਿੰਘ ਨਡਾਲਾ ਵੀ ਸ਼ਾਮਿਲ ਸਨ। ਅਗਲੇ ਦਿਨ ਨਾਲ ਜਾ ਕੇ ਅੰਮ੍ਰਿਤਸਰ ਦੇ ਲਾਗੇ ਬਰਾਦਰੀ ਦਾ ਪਿੰਡ ਦਬੁਰਜੀ ਵੀ ਕਮਿਸ਼ਨ ਨੂੰ ਵਿਖਾਇਆ ਗਿਆ। ਕਮਿਸ਼ਨ ਦੀ ਰਿਪੋਰਟ ਅਨੁਸਾਰ ਲੁਬਾਣਾ ਬਰਾਦਰੀ ਨੂੰ ਪੱਛੜੀਆਂ ਸ਼੍ਰੇਣੀਆਂ ਦੀ ਲਿਸਟ ਵਿੱਚ ਸ਼ਾਮਿਲ ਕਰ ਲਿਆ ਗਿਆ। ਬਰਾਦਰੀ ਦੇ ਕੁਝ ਅਖੌਤੀ ਅਣਖੀਲੇ ਦਰਦ ਮੰਦਾਂ ਨੇ ਕਮਿਸ਼ਨ ਨੂੰ ਮਿਲਣ ਕਰਕੇ ਸਾਨੂੰ ਵਾਧੂ ਬੁਰਾ ਭਲਾ ਕਹਿਆ।

2. **ਲੁਬਾਣਾ ਸੇਵਕ** : ਸਵਰਗੀ ਮੇਜਰ ਸ਼ਰਮਾ ਸਿੰਘ ਜੀ ਵੱਲੋਂ ਸ਼ੁਰੂ ਕੀਤੇ ਬਰਾਦਰੀ ਦੇ ਮਾਸਿਕ ਪੱਤਰ 'ਲੁਬਾਣਾ ਸੇਵਕ' ਨੂੰ 1981 ਵਿੱਚ ਪੇਸ਼ ਆਏ ਸੰਕਟ ਸਮੇਂ ਟਰੱਸਟ ਨੇ ਸਹਾਈ ਹੋਣ ਦੀ ਸੇਵਾ ਨਿਭਾਈ ਅਤੇ 1981 ਤੋਂ 1987 ਤੱਕ ਸੱਤ ਸਾਲਾਂ ਲਈ ਇਹ ਪਰਚਾ ਇਸ ਟਰੱਸਟ ਦੇ ਖਰਚੇ ਤੇ ਕਪੂਰਥਲੇ ਤੋਂ ਛਪਦਾ ਰਿਹਾ। ਇਸ ਦਾ ਸਾਰਾ ਪ੍ਰਬੰਧ ਕਰਨ ਦੀ ਸੇਵਾ ਮੇਰੇ ਹਿੱਸੇ ਆਈ।

3. **ਜੀਵਨੀ ਸੰਤ ਪ੍ਰੇਮ ਸਿੰਘ ਜੀ** : ਕਰਨਲ ਗੁਲਚਰਨ ਸਿੰਘ ਇਕ ਉੱਘੇ ਸਿੱਖ ਇਤਿਹਾਸਕਾਰ ਸਨ। ਟਰੱਸਟ ਨੇ ਜਨਵਰੀ 1988 ਵਿੱਚ ਉਨ੍ਹਾਂ ਦੀਆਂ ਸੇਵਾਵਾਂ ਲੈ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲਾ ਦੀ ਜੀਵਨੀ ਕਲਮ ਬੰਦ ਕਰਵਾਈ ਅਤੇ ਨਾਂਮਾਤਰ ਮੁਲ ਤੇ ਸੰਗਤਾਂ ਨੂੰ ਭੇਂਟ ਕੀਤੀ। ਇਸ ਦਾ ਮੁਖ ਬੰਦ ਲਿਖਣ ਦੀ ਸੇਵਾ ਮੇਰੇ ਵੱਲੋਂ ਨਿਭਾਈ ਗਈ। ਇਹ ਪੁਸਤਕ ਕਪੂਰਥਲਾ ਦੇ ਜਸਲੋਕ ਪ੍ਰਿੰਟਿੰਗ ਪ੍ਰੈੱਸ ਵਿਖੇ ਛਾਪੀ ਗਈ। ਉਸ ਸਮੇਂ ਇਸ ਪ੍ਰੋਜੈਕਟ ਤੇ ਲਗਭਗ ਅੱਠ ਹਜ਼ਾਰ ਰੁਪਏ ਖਰਚ ਹੋਏ।

(ਚਲਦਾ)

● ● ●

**ਬੁਰੇ ਵਕਤ ਵਿਚ ਦਿਲਾਸਾ ਦੇਣ ਵਾਲਾ ਚਾਹੇ ਅਜਨਬੀ ਹੀ ਹੋਵੇ, ਉਹ ਦਿਲ 'ਚ ਉਤਰ ਜਾਂਦਾ ਹੈ।**
**ਤੇ ਬੁਰੇ ਵਕਤ ਵਿਚ ਕਿਨਾਰਾ ਕਰ ਜਾਣ ਵਾਲਾ ਚਾਹੇ ਆਪਣਾ ਹੀ ਹੋਵੇ ਉਹ ਦਿਲੋ ਤੋਂ ਉਤਰ ਜਾਂਦਾ ਹੈ।**

● ● ●


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

**ਵੱਲੋਂ**


# ਦੇਸ਼-ਵਿਦੇਸ਼ ਵਸਦੇ ਪੰਜਾਬੀ ਭਾਈਚਾਰੇ ਨੂੰ ਹੋਲੇ ਮਹੱਲੇ ਦੀਆਂ ਲੱਖ-ਲੱਖ ਵਧਾਈਆਂ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

# ਸਾਡੀ ਮਾਂ ਬੋਲੀ ਪੰਜਾਬੀ

ਇੰਜੀਨੀਅਰ
ਪਰਮਿੰਦਰਜੀਤ ਸਿੰਘ
99153-57524



ਪੰਜਾਬੀਅਤ ਭਾਰਤੀ ਸਭਿਆਚਾਰ ਜਿਸ ਦਾ ਜਨਮ ਸਦੀਆਂ ਦੇ ਲਗਾਤਾਰ ਸੰਘਰਸ਼ ਵਿਚੋਂ ਹੋਇਆ। ਇਸ ਨੂੰ ਸੰਵਾਰਣ, ਨਿਖਾਰਣ ਅਤੇ ਉਭਾਰਣ ਵਿਚ ਬਾਬਾ ਫਰੀਦ, ਗੁਰੂ ਪਾਤਿਸ਼ਾਹਾਂ, ਬੁੱਲ੍ਹੇ ਸ਼ਾਹ, ਵਾਰਿਸ, ਹਾਸ਼ਮ ਅਤੇ ਤਮਾਮ ਦੂਸਰੇ ਪੰਜਾਬੀ-ਸਿਰਜਕਾਂ ਦਾ ਉਹ ਬਹੁਮੁੱਲਾ ਯੋਗਦਾਨ ਹੈ ਜਿਸ ਨੂੰ ਅੱਜ ਅਸੀਂ ਮਨੋਂ ਵਿਸਾਰੀ ਬੈਠੇ ਹਾਂ। ਬੋਲੀ, ਖਿੱਤਾ, ਰਹਿਤਲ, ਜਾਤ, ਜਮਾਤ, ਇਤਿਹਾਸ, ਭੂਗੋਲ, ਧਰਮ, ਚਿੰਤਨ, ਵਿਸ਼ਵਾਸ ਅਤੇ ਕਰਮਭੂਮੀ ਭਾਵੇਂ ਮਨੁੱਖੀ-ਪਛਾਣ ਦੇ ਕਈ ਆਧਾਰ ਹੋ ਸਕਦੇ ਹਨ ਪ੍ਰੰਤੂ ਕਿਸੇ ਵੀ ਥਾਂ ਦੀ ਬੋਲੀ ਉਸਨੂੰ ਚਿਰਕਾਲ ਤੋਂ ਇਕ ਵੱਖਰਤਾ ਦੇਂਦੀ ਆਈ ਹੈ। ਪੰਜਾਬੀ ਭਾਵੇਂ ਅੱਜ ਦੇਸਾਂ, ਪ੍ਰਦੇਸਾਂ ਅਤੇ ਵਿਦੇਸ਼ਾਂ ਦੀਆਂ ਸੈਂਕੜੇ ਧਰਤੀਆਂ ਦੇ ਵਸਨੀਕ ਬਣ ਚੁੱਕੇ ਹਨ ਪ੍ਰੰਤੂ ਉਹ ਜਿੱਥੇ ਜਿੱਥੇ ਵੀ ਗਏ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਉਨ੍ਹਾਂ ਦੇ ਨਾਲ-ਨਾਲ ਗਈ। ਫਲਸਰੂਪ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਡੈਨਮਾਰਕ ਅਤੇ ਕਈ ਹੋਰ ਦੇਸ਼ਾਂ ਵਿਚ ਪੰਜਾਬੀ ਦੀ ਪੜ੍ਹਾਈ, ਲਿਖਾਈ ਅਤੇ ਇਸ ਦੀ ਸੁਰਜੀਤੀ ਦੇ ਖਾਸ ਉਪਰਾਲੇ ਸਿੱਧ ਕਰਦੇ ਹਨ ਕਿ ਬਾਹਰਲਿਆਂ ਨੇ ਬਾਬਾ ਨਾਨਕ ਦੀ ਮਿੱਠੀ ਬੋਲੀ ਨੂੰ ਹਾਲੇ ਵੀ ਵਿਸਾਰਿਆ ਨਹੀਂ।

ਪੰਜਾਬੀ ਭਾਸ਼ਾ ਦੇ ਜਨਮ ਸਥਾਨ ਤੇ ਪੰਜਾਬੀਅਤ ਵੱਲੋਂ ਇਸਦੀ ਬੇਕਦਰੀ, ਬੇਰੁਖ਼ੀ ਤੇ ਰੱਜ ਕੇ ਅਣਗੌਲਣਾ ਪੰਜਾਬੀ-ਹਿਤੈਸ਼ੀਆਂ ਨੂੰ ਬਹੁਤ ਤਕਲੀਫ ਦਿੰਦੀ ਹੈ। ਪੰਜਾਬੀ ਗੀਤ-ਸੰਗੀਤ ਨੂੰ ਹਿੰਦੀ, ਅੰਗਰੇਜ਼ੀ ਤੇ ਲੱਚਰਤਾ ਦਾ ਤੜਕਾ, ਟੈਲੀਵੀਜ਼ਨ ਐਂਕਰਾਂ ਵੱਲੋਂ ਅਪਾਧਰੀ, ਗ਼ਲਤ ਤੇ ਹਾਸੋਹੀਣੀ ਭਾਸ਼ਾ ਦੀ ਵਰਤੋਂ, ਵਿਆਹ-ਸ਼ਾਦੀਆਂ ਦੇ ਕਾਰਡਾਂ ਤੇ ਨਾਂ-ਤਖ਼ਤੀਆਂ 'ਤੇ ਕੇਵਲ ਅੰਗਰੇਜ਼ੀ ਦਾ ਬੋਲਬਾਲਾ ਵੀ ਪੰਜਾਬੀ ਦੇ ਵਾਰਿਸਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਨ ਦਾ ਸਵੱਬ ਹੈ। ਸਰਕਾਰੀ ਅਦਾਰੇ ਵੀ ਪੰਜਾਬੀ ਨੂੰ ਗੰਵਾਰਾਂ, ਅਨਪੜ੍ਹਾਂ ਤੇ ਪੇਂਡੂਆਂ ਦੀ ਭਾਸ਼ਾ ਸਮਝਦਿਆਂ, ਸਭ ਲਿਖਾ-ਪੜ੍ਹੀ, ਅੰਗਰੇਜ਼ੀ ਵਿਚ ਹੀ ਕਰਨ ਨੂੰ ਪਹਿਲ ਦਿੰਦੇ ਹਨ।

ਮਨੁੱਖੀ ਜੀਵਨ ਵੰਨ ਸੁਵੰਨਾ, ਖ਼ੂਬਸੂਰਤ ਅਤੇ ਵਿਲੱਖਣ ਹੈ। ਚੰਗੀਆਂ, ਉਸਾਰੂ ਅਤੇ ਵਧੀਆ ਕਿਤਾਬਾਂ ਵੀ ਕਿਸੇ ਵਿਅਕਤੀ ਦੀ ਸ਼ਖ਼ਸ਼ੀਅਤ ਨੂੰ ਨਿਖਾਰਣ ਵਿਚ ਬਹੁਤ ਯੋਗਦਾਨ ਦਿੰਦੀਆਂ ਹਨ। ਅਕਲ ਦੇ ਵਿਹੜੇ ਪੈਰ ਧਰਨ ਲਈ ਕਿਤਾਬਾਂ ਦੀ ਬਹੁਤ ਵੱਡੀ ਦੇਣ ਹੈ। ਅਜੋਕੇ ਮਨੁੱਖਾਂ ਅਤੇ ਤਿੜਕਦੇ ਸਮਾਜਾਂ ਵਿਚ ਤਣਾਵਾਂ ਅਤੇ ਝਗੜਿਆਂ ਤੋਂ ਬਚਾਅ ਲਈ ਕਿਤਾਬਾਂ ਦਾ ਸੰਗ ਸਾਥ ਨਿਭਾਉਣਾ ਅੱਜ ਦੇ ਸਮੇਂ ਦੀ ਫੌਰੀ ਲੋੜ ਹੈ।

'ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ' ਵਾਲੀ ਸ਼ਿੱਦਤ ਅੱਜ ਸਾਰੇ ਪੰਜਾਬੀਆਂ ਵਿਚ ਤਾਂ ਕੀ ਲੇਖਕਾਂ ਵਿਚ ਵੀ ਲੱਭਿਆਂ ਨਹੀਂ ਲੱਭਦੀ। ਦੇਖਣ ਵਿਚ ਤਾਂ ਇਹ ਵੀ ਆ ਰਿਹਾ ਹੈ ਕਿ ਅਮੀਰ ਮਾਪੇ ਅੱਜ ਕੱਲ੍ਹ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਦੇ ਆਪਣੇ ਲਾਡਲਿਆਂ ਲਈ ਪੰਜਾਬੀ ਦੀਆਂ ਟਿਊਸ਼ਨਾਂ ਰੱਖ ਰਹੇ ਹਨ। ਅੰਗਰੇਜ਼ਾਂ ਨੂੰ ਗਿਆਂ ਅੱਧੀ ਸਦੀ ਤੋਂ ਕਿਤੇ ਵੱਧ ਸਮਾਂ ਬੀਤ ਚੁੱਕੈ ਪ੍ਰੰਤੂ ਉਨ੍ਹਾਂ ਦਾ ਵਿਛਾਇਆ ਭਾਸ਼ਾਈ ਅਤੇ ਸਭਿਆਚਾਰਕ ਇੰਦਰਜਾਲ ਅੱਜ ਵੀ ਮੌਜੂਦ ਹੈ। ਵਧੇ ਫੁੱਲੇ ਹਿੰਦੁਸਤਾਨ ਤੇ ਘੁੱਗ ਵੱਸੇ ਪਾਕਿਸਤਾਨ ਅਸਾਂ ਤੇ ਆਪਣੀ ਮਾਂ ਬੋਲੀ ਤੇ ਮਾਂ-ਮਿੱਟੀ ਦੇ ਮੋਹ ਕਾਰਨ ਘੁੱਗੀਆਂ, ਕਬੂਤਰ, ਮੋਰ, ਚਿੜੀਆਂ ਤੇ ਤੋਤੇ ਉਡਾਏ ਨੇ, ਅੰਮ੍ਰਿਤਸਰੀ ਡੋਰਾਂ ਨਾਲ ਲਾਹੌਰ ਦੀਆਂ ਹਵੇਲੀਆਂ ਤੋਂ ਗੁੱਡੀਆਂ ਚੜ੍ਹਾਈਆਂ ਨੇ। ਮਾਖਿਓਂ ਮਿੱਠੀ ਪੰਜਾਬੀ ਜ਼ੁਬਾਨ ਦੀ ਅਮੀਰੀ, ਇਹਦੇ ਸ਼ਬਦਾਂ ਦੇ ਭੰਡਾਰ ਨੂੰ ਇੰਵ ਰੱਖਣ ਲਈ ਜਤਨ ਕੀਤਾ ਏ। ਸਾਨੂੰ ਧੁਰ ਅੰਦਰੋਂ ਇਹ ਸੋਚ ਵੱਢ ਵੱਢ ਖਾਈ ਜਾ ਰਹੀ ਏ ਕਿ ਜੇ ਅਸਾਂ ਸੁਚੇਤ ਕੋਸ਼ਿਸ਼ਾਂ ਨਾ ਕੀਤੀਆਂ ਤਾਂ ਗੁੱਜਰਾਂਵਾਲੇ ਅਤੇ ਲੁਧਿਆਣੇ ਵਾਲਿਆਂ ਦੀਆਂ ਅਗਲੇਰੀਆਂ ਪੁਸ਼ਤਾਂ ਨੂੰ ਕਿਧਰੇ ਇਕ ਦੂਜੇ ਦੀ ਜ਼ੁਬਾਨ ਸਮਝਣ ਲਈ ਦੋ-ਭਾਸ਼ੀਏ ਹੀ ਨਾ ਰੱਖਣੇ ਪੈ ਜਾਣ।

ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਵਿਚ ਬੈਂਕਾਂ, ਦਫ਼ਤਰਾਂ, ਹਵਾਈ ਅੱਡਿਆਂ ਤੇ ਹੋਰ ਜਨਤਕ ਥਾਵਾਂ 'ਤੇ ਪੰਜਾਬੀ ਬੋਲਣ ਤੇ ਲਿਖਣ ਵਾਲੇ ਮੁਲਾਜ਼ਮਾਂ ਨੂੰ ਨੌਕਰੀਆਂ ਦੇਣੀਆਂ ਅਤੇ ਅੰਗਰੇਜ਼ ਡਾਕਟਰਾਂ ਵੱਲੋਂ ਮਰੀਜ਼ਾਂ ਨਾਲ ਗੱਲਬਾਤ ਕਰਨ ਲਈ ਪੰਜਾਬੀ ਸਿੱਖਣੀ ਆਦਿ ਪੰਜਾਬੀਆਂ ਦੀ ਮਿਹਨਤ ਦਾ ਸਿੱਟਾ ਹੈ। ਇਸਦੇ ਉਲਟ, ਵਿਦੇਸ਼ਾਂ ਵਿਚਲੇ ਭਾਰਤੀ ਦੂਤਘਰਾਂ ਵਿਚ ਪੰਜਾਬੀ ਬੋਲਨ ਵਾਲਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਗ਼ੈਰ-ਪੰਜਾਬੀ ਕਰਮਚਾਰੀ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸਦਿਆਂ ਉਨ੍ਹਾਂ ਨੂੰ ਜਵਾਬ ਪੰਜਾਬੀ ਵਿਚ ਨਹੀਂ ਦਿੰਦੇ। ਪੰਜਾਬੀ ਬੋਲੀ ਨੂੰ ਇਕ ਲਹਿਰ ਬਣਾ ਕੇ ਚਲਾਉਣਾ ਚਾਹੀਦਾ ਹੈ। ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਇਕ ਵਿਅਕਤੀ ਨੂੰ ਆਪਣਾ ਲੋੜੀਂਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤਰ੍ਹਾਂ ਚੰਗੀ ਵਿਦਿਆ ਨਾਲ ਹਾਸਲ ਕੀਤੇ ਕੰਮਾਂ ਦੀ ਦੁਨੀਆਂ ਭਰ 'ਚ ਬੰਦੇ ਦੀ ਸ਼ਲਾਘਾ ਹੁੰਦੀ ਹੈ ਅਤੇ ਜੀਵਨ ਸਫਲ ਹੁੰਦਾ ਹੈ। ਜਿੰਨੇ ਵੀ ਸਾਡੇ ਰਾਜਸੀ, ਸਮਾਜਿਕ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਚੰਗੇ ਉਪਰਾਲੇ ਕੀਤੇ ਹਨ ਉਨ੍ਹਾਂ ਦਾ ਹਮੇਸ਼ਾਂ ਅਹਿਸਾਨ ਰਹਿੰਦਾ ਹੈ। ਦੁਨੀਆਂ ਭਰ ਵਿਚ ਮਾਂ ਬੋਲੀ ਪੰਜਾਬੀ ਦਿਵਸ ਮਨਾਇਆ ਗਿਆ ਅਤੇ ਲੋਕਾਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜਨ ਲਈ ਸੁਚੇਤ ਵੀ ਕੀਤਾ ਗਿਆ।

ਆਓ ਪੰਜਾਬੀਓ! ਆਪਣੀ ਮਾਂ-ਬੋਲੀ ਤੇ ਮਾਂ-ਮਿੱਟੀ ਨਾਲ ਜੁੜੀਏ ਤਾਂ ਜੋ ਇਸ ਅਮੋਲਕ ਜੀਵਨ ਦਾ ਕਰਜ਼ਾ ਲਾਹ ਸਕੀਏ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂੰ ਰੁੱਲ ਜਾਵੋਗੇ**

# ਪੰਜਾਬੀ ਦੇ ਲਹਿਜੇ

ਡਾ. ਨਿਰਮਲ ਸਿੰਘ

**1947 ਈ: ਵਾਲੇ ਅਤਿਅੰਤ ਭਿਆਨਕ ਸਮੇਂ ਨੇ ਪੰਜਾਬ ਦੀ ਜ਼ੁਬਾਨ, ਇਥੋਂ ਦੀ ਇਕਜੁੱਟ ਸਭਿਆਚਾਰਕ ਵਿਰਾਸਤ ਅਤੇ ਇਤਿਹਾਸ ਦਾ ਜੋ ਘਾਣ ਕੀਤਾ ਉਹ ਅਸਹਿ ਅਤੇ ਅਕਿਹ ਹੈ। ਦੱਖਣੀ ਏਸ਼ੀਆਂ ਦੇ ਸਿਰਮੌਰ ਖੇਤਰ ਨੂੰ ਖੱਖੜੀਆਂ ਕਰੇਲੇ ਕਰ ਕੇ ਜੋ ਤਰਸ ਜੋਗ ਹਾਲਤ ਉਸ ਵੇਲੇ ਦੇ ਹੁਕਮਰਾਨਾ ਨੇ ਸਾਡੀ ਮਾਂ ਬੋਲੀ ਦੀ ਕੀਤੀ ਉਹ ਇਤਿਹਾਸ ਨੂੰ ਸਦਾ ਹੀ ਕਲੰਕਤ ਕਰਦੀ ਰਹੇਗੀ। ਅੱਜ ਲਹਿੰਦੇ ਵਾਲੇ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਆਪਣੀ ਮਾਦਰੀ ਜ਼ੁਬਾਨ ਸਰਕਾਰ ਦੇ ਕਿਸੇ ਅਦਾਰੇ ਜਾਂ ਸਦਰ ਸ਼ਹਿਰ ਲਾਹੌਰ ਦੀਆਂ ਅਦਾਲਤਾਂ ਤੇ ਅਸੈਂਬਲੀ ਦੀਆਂ ਬਰੂਹਾਂ ਵੀ ਨਹੀਂ ਲੰਘ ਸਕਦੀ। ਉੱਥੇ ਉਰਦੂ ਅੰਗ੍ਰੇਜ਼ੀ ਦਾ ਬੋਲ ਬਾਲਾ ਹੈ। ਚੜ੍ਹਦੇ ਪੰਜਾਬ ਦੀ ਅੱਗੋਂ ਹੋਈ ਵੰਡ ਦਰ ਵੰਡ ਨੇ ਦਿੱਲੀ ਹਰਿਆਣਾ, ਹਿਮਾਚਲ ਅਤੇ ਜੰਮੂ ਵਿਚ ਪੰਜਾਬੀ ਨੂੰ ਮਰਨ ਕੰਢੇ ਤੇ ਪਹੁੰਚਾ ਦਿੱਤਾ ਹੈ।**

ਕਾਦਰ ਦੀ ਕੁਦਰਤ ਦਾ ਮੁੱਢ ਕਦੀਮ ਤੋਂ ਈ ਇਹ ਦਸਤੂਰ ਹੈ ਕਿ ਵੰਨ-ਸੁਵੰਨਤਾਈਆਂ ਦੇ ਸੁਮੇਲ ਰਾਹੀਂ ਹੀ ਵਿਕਾਸ ਸੰਭਵ ਹੈ। ਇਹ ਦਸਤੂਰ ਸਗਲ ਜਗਤ ਦੇ ਸਮੂਹ ਪਸਾਰਾਂ ਦੀਆਂ ਸਮੁੱਚੀਆਂ ਗਤੀਵਿਧੀਆਂ ਤੇ ਲਾਗੂ ਹੁੰਦਾ ਹੈ। ਏਕਤਾ ਦਾ ਜਨਮ ਅਨੇਕਤਾਵਾਂ ਦੇ ਏਕੇ ਵਿਚੋਂ ਹੀ ਹੋ ਸਕਦਾ ਹੈ। ਖੇਤਰ ਭਾਵੇਂ ਗਿਆਨ ਦਾ ਹੋਵੇ ਜਾਂ ਵਿਗਿਆਨ ਦਾ ੳਸ ਦਾ ਅਧਾਰ ਵਿਭਿੰਨਤਾਵਾਂ ਦੀ ਏਕਤਾ ਹੀ ਹੁੰਦਾ ਹੈ। ਕਿੰਨੇ ਹੀ ਕਿਸਮਾਂ ਦੇ ਰੰਗਬਰੰਗੇ ਮਹਿਕਦੇ ਟਹਿਕਦੇ ਫੁੱਲਾਂ ਨੂੰ ਜਦੋਂ ਗੁਲਦਸਤੇ ਦੇ ਰੂਪ ਵਿਚ ਬੰਨ੍ਹਿਆਂ ਜਾਂਦਾ ਹੈ, ਉਹਦੀ ਸੁੰਦਰਤਾ ਵਿਚ ਅਸੀਮ ਵਾਧਾ ਹੋ ਜਾਂਦਾ ਹੈ। ਇਕੱਲੇ ਕਾਰੇ ਫੁੱਲ ਨਾਲੋਂ ਗੁਲਦਸਤਾ ਕਈ ਗੁਣਾਂ ਸੋਹਣਾ ਤੇ ਮਨਮੋਹਣਾ ਬਣ ਜਾਂਦਾ ਹੈ।

ਆਪਣੇ ਵਿਚਾਰਾਂ ਨੂੰ ਮੁੱਦੇ ਤੇ ਕੇਂਦਰਿਤ ਕਰਦੇ ਹੋਏ ਅਸੀਂ ਅੱਜ ਗੱਲ ਆਪਣੀ ਪੁਸ਼ਤੈਨੀ ਜੂਹ ਪੰਜ ਪਾਣੀਆਂ ਦੀ ਧਰਤੀ ਦੇ ਬਸ਼ਿੰਦਿਆਂ ਦੀ ਭਾਸ਼ਾ ਅਰਥਾਤ ਜਬਾਨ ਦੀ ਖ਼ੂਬਸੂਰਤੀ ਦੀ ਕਰਨੀ ਹੈ। ਕਹਿੰਦੇ ਨੇ ਕਿ ਬੋਲੀ ਤਾਂ ਕੁਝ ਕੋਹਾਂ ਦੇ ਪੈਂਡੇ ਤੋਂ ਬਾਅਦ ਈ ਕੁਝ ਨਾ ਕੁਝ ਬਦਲ ਜਾਂਦੀ ਹੈ। ਪੰਜਾਬ ਦਾ ਖਿੱਤਾ ਤਾਂ ਸੁੱਖ ਨਾਲ ਚਾਰ ਪੰਜ ਸੌ ਕਿਲੋਮੀਟਰ ਪੱਛਮ ਤੋਂ ਪੂਰਬ ਅਤੇ ਏਨਾ ਕੁ ਹੀ ਉੱਤਰ ਤੋਂ ਦੱਖਣ ਵੱਲੋਂ ਫੈਲਿਆ ਹੋਇਆ ਹੈ। ਐਨੇ ਵੱਡੇ ਖੇਤਰ ਦੀ ਬੋਲੀ ਪੰਜਾਬੀ ਤਾਂ ਮੂਲ ਰੂਪ ਵਿਚ ਭਾਸ਼ਾ ਵਿਗਿਆਨੀਆਂ ਤੇ ਯੂਨੈਸਕੋ ਵੱਲੋਂ ਵੀ ਪ੍ਵਾਨਤ ਹੈ। ਉਂਝ ਇਹਦੀਆਂ ਉਪ ਬੋਲੀਆਂ ਤੇ ਲਹਿਜਿਆਂ ਬਾਬਤ ਸੰਜੀਦਾ ਖੋਜਕਾਰੀ ਕਦੀ ਵੀ ਬੱਝਵੇਂ ਰੂਪ ਵਿਚ ਨਹੀਂ ਹੋਈ। ਉਤਰ ਪੱਛਮ ਵਿਚ ਦਰਿਆ ਸਿੰਧ ਦੇ ਉਰਾਰ ਪਾਰ ਪਠਾਣਾਂ ਦੀ ਬੋਲੀ ਪਸ਼ਤੋ ਨਾਲ ਸਾਂਝ ਪਾਉਂਦੀ ਹਿੰਦਕੋ ਹਕੀਕਤ ਵਿਚ ਪੰਜਾਬੀ ਦੀ ਹੀ ਉਪਬੋਲੀ ਹੈ। ਇਸ ਦੇ ਨਾਲ ਲਗਦੀਆਂ ਦਰਿਆ ਜੇਹਲਮ ਤੋਂ ਉਪਰ, ਕੋਹਮਰੀ ਦੇ ਪਹਾੜਾਂ ਤੇ ਮੁਜਫਰਾਬਾਦ ਦੇ ਪਹਾੜੀ ਖੇਤਰ ਦੀ ਉਪਬੋਲੀ ਮੀਰਪੁਰੀ ਅਖਾਉਂਦੀ ਹੈ। ਹੇਠਾਂ ਨੀਮ ਪਹਾੜੀ ਪਠਾਰੀ ਜੂਹ ਵਿਚ ਰਾਵਲਪਿੰਡੀ, ਚਕਵਾਲ, ਇਸਲਾਮਾਬਾਦ ਵਾਲੇ ਸੁਆ ਨਦੀ ਦੇ ਆਲੇ-ਦੁਆਲੇ ਮਿੱਘੀ-ਤੁੱਘੀ ਵਾਲੀ ਪੋਠੋਹਾਰੀ ਦਾ ਵਿਸ਼ਾਲ ਖਿੱਤਾ ਹੈ। ਦੋਆਬਾ ਸਿੰਧ ਸਾਗਰ ਦੇ ਹੇਠਲੇ ਹਿੱਸੇ ਵਿਚ ਸ਼ਾਹਪੁਰੀ, ਥਲੀ ਲਹਿਜੇ ਹਨ। ਜੇਹਲਮ ਦਰਿਆ ਲੰਘ ਸੋਹਣੀ ਦੇ ਸ਼ਹਿਰ ਗੁਜਰਾਤ ਅਤੇ ਦਰਿਆ ਝਨ੍ਹਾਂ ਵਿਚਕਾਰ ਝੱਜ ਦੋਆਬ ਆ ਜਾਂਦਾ ਹੈ। ਇਹਦੇ ਉਪਰਲੇ ਪਹਾੜੀ ਖੇਤਰ ਵਿਚ ਪਣਛੀ ਲਹਿਜਾ ਪ੍ਧਾਨ ਤੇ ਥਲੜੇ ਹਿੱਸੇ 'ਚ ਸਰਗੋਧੀ ਉਪ ਬੋਲੀ ਹੈ। ਝਨ੍ਹਾਂ ਪਾਰ ਕਰਦਿਆ ਪੂਰਬ ਵੱਲ ਰਾਵੀ ਦਰਿਆਂ ਦੀਆਂ ਠਾਠਾਂ ਤੀਕਰ ਜੰਮੂ ਦੇ ਇਰਦ-ਗਿਰਦ ਡੋਗਰੀ ਦੇ ਝੰਡੇ ਝੂਲਦੇ ਹਨ, ਅਤੇ ਉੱਚੇ ਪਹਾੜਾਂ ਵਿਚ ਗੋਜਰੀ ਦਾ ਕੇਂਦਰ ਡੋਡਾ ਹੈ। ਹੇਠਾਂ ਪਿੰਡੀ ਭੱਟੀਆਂ, ਸ਼ੇਖ਼ੂਪੁਰਾ, ਨਨਕਾਣਾ ਸਾਹਿਬ, ਫੈਸਲਾਬਾਦ ਤੋਂ ਟੋਭਾ ਟੇਕ ਸਿੰਘ ਵਾਲੇ ਵਸੀਹ ਖਿੱਤੇ ਦੀ ਬੋਲੀ ਲਹਿੰਦੀ ਦੀ ਪੁੱਠ ਵਾਲੀ ਝਾਂਗੀ ਤੇ ਜਾਂਗਲੀ ਹੈ। ਅੱਗੋਂ ਰਾਵੀ ਲੰਘ ਬਿਆਸ ਤੋੜੀ ਪੰਜਾਬ ਦਾ ਕੇਂਦਰੀ ਬਾਰੀ ਦੋਆਬ ਅਰਥਾਤ ਮਾਝੇ ਦਾ ਖੇਤਰ ਹੈ। ਲਾਹੌਰ ਕਸੂਰ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਗੁਜਰਾਂਵਾਲਾ ਟਕਸਾਲੀ ਬੋਲੀ ਮਾਝੀ ਦੇ ਸਿਰਮੌਰ ਖਿੱਤੇ ਹਨ। ਬਿਆਸ ਅਤੇ ਸਤਲੁਜ ਦਰਮਿਆਨ ਉੱਤਰ ਵੱਲ ਪਹਿਲੋਂ ਕੰਢੀ ਦੀ ਰਮਨੀਕ ਜੂਹ ਨੀਮ ਪਹਾੜੀ ਇਲਾਕਾ ਹੈ ਜਿਸਦੇ ਉੱਪਰ ਵੱਲ ਕਾਂਗੜੀ, ਬਿਲਾਸਪੁਰੀ, ਮੰਡਿਆਲੀ ਪਹਾੜੀ ਲਹਿਜੇ ਹਨ ਤੇ ਕੰਢੀ ਦੀ ਆਪਣੀ ਉਪ ਬੋਲੀ ਪਹਾੜੀ ਡੋਗਰੀ ਤੇ ਦੋਆਬੀ ਦੇ ਮਿਸ਼ਰਣ ਵਾਲੀ

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂੰ ਰੁੱਲ ਜਾਵੋਗੇ**

ਮਿਸ਼ਰੀ ਵਰਗੀ ਮਿੱਠੀ ਬੋਲੀ ਹੈ। ਇਸ ਦਾ ਖੇਤਰ ਰਾਵੀ ਦੇ ਕੰਢਿਆਂ ਪਠਾਨਕੋਟ, ਧਾਰ ਤੋਂ ਸ਼ੁਰੂ ਹੋ ਕੇ ਮੁਕੇਰੀਆਂ, ਤਲਵਾੜਾ, ਕਮਾਹੀ ਦੇਵੀ, ਚਿੰਤਪੁਰਨੀ, ਊਨਾ, ਨੰਗਲ ਜੈਜੋ, ਨੂਰਪੁਰ ਬੇਦੀ, ਰੋਪੜ ਤੋਂ ਵੀ ਅੱਗੇ ਨਾਲਾਗੜ੍ਹ, ਪੰਜੌਰ, ਬੱਦੀ, ਕਾਲਕਾ, ਪਰਵਾਣੂੰ ਤੇ ਚੰਡੀਗੜ੍ਹ ਜਾਂ ਦਰਿਆ ਘੱਗਰ ਤੀਕ ਹੈ। ਇਸ ਤੋਂ ਹੇਠਾਂ ਹੁਸ਼ਿਆਰਪੁਰ, ਨਵਾਂ ਸ਼ਹਿਰ, ਜਲੰਧਰ, ਕਪੂਰਥਲੇ ਦੀ ਬੋਲੀ ਦਾ ਦੋਆਬੀ ਲਹਿਜਾ ਆ ਜਾਂਦਾ ਹੈ।

ਅਗਾਂਹ ਪੂਰਬ ਤੇ ਦੱਖਣ ਵੱਲ ਜਾਂਦਿਆਂ ਦਰਿਆ ਸਤਲੁਜ ਅਤੇ ਘੱਗਰ ਵਿਚਕਾਰ ਪੁਆਧੀ ਉਪ ਬੋਲੀ ਦਾ ਖੇਤਰ ਹੈ। ਇਸ ਜੂਹ ਵਿਚ ਅਨੰਦਪੁਰ ਸਾਹਿਬ, ਰੋਪੜ, ਚੰਡੀਗੜ੍ਹ, ਪੰਚਕੂਲਾ, ਮੁਹਾਲੀ, ਅੱਧਾ ਫਤਿਹਗੜ੍ਹ ਸਾਹਿਬ ਤੇ ਅੱਧਾ ਪਟਿਆਲੇ ਦਾ ਜਿਲ੍ਹਾ ਅਤੇ ਕੁਝ ਹਿੱਸਾ ਹਰਿਆਣੇ ਦਾ ਅੰਬਾਲਾ ਤੇ ਕੈਥਲ ਦੇ ਜ਼ਿਲ੍ਹੇ ਆ ਜਾਂਦੇ ਹਨ। ਪੁਆਧੀ ਲਹਿਜੇ ਦੀ ਆਪਣੀ ਖੂਬਸੂਰਤੀ ਹੈ। ਦੁਖਦਾਈ ਤੱਥ ਇਹ ਹੈ ਕਿ ਪੁਆਧੀ ਬੋਲੀ ਉੱਤੇ ਚੰਡੀਗੜ੍ਹ ਦੇ ਆਧੁਨਿਕ ਮਹਾਂਨਗਰ ਤੇ ਆਸ-ਪਾਸ ਦੇ ਸ਼ਹਿਰਾਂ ਵਿਚ ਪੰਜਾਬ ਹਰਿਆਣਾ ਹਿਮਾਚਲ ਤੋਂ ਆਈ ਵਣ-ਵਣ ਦੀ ਵਸੋਂ ਅਤੇ ਪੂਰਬੀਆਂ ਦਾ ਗਲਬਾ ਹੋ ਗਿਆ ਹੈ। ਇਹਦੇ ਨਾਲ ਪੁਆਧੀ ਦੀ ਠੁੱਕ ਠੇਠਤਾਈ ਨੂੰ ਗੰਭੀਰ ਸੱਟ ਵੱਜੀ ਹੈ।

ਫੇਰ ਲੁਧਿਆਣਾ, ਮੋਗਾ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਬਠਿੰਡਾ, ਮਾਨਸਾਂ, ਬਰਨਾਲਾ, ਸੰਗਰੂਰ ਨਾਭਾ ਤੋਂ ਅਮਲੋਹ ਤੱਕ ਦਾ ਇਲਾਕਾ ਮਾਲਵਾ ਅਖਵਾਉਂਦਾ ਹੈ। ਇਸ ਲੰਬੇ ਚੌੜੇ ਖੇਤਰ ਦੀ ਉਪਬੋਲੀ ਮਲਵਈ ਆਖੀ ਜਾਂਦੀ ਹੈ। ਘੱਗਰੋਂ ਪਾਰ ਟੋਹਾਣਾਂ, ਫਤਿਆਵਾਦ ਤੇ ਕੁਝ ਕੁ ਹਿੱਸੇ ਜੀਂਦ ਤੇ ਹਿਸਾਰ ਦਾ ਲਹਿਜਾ ਬਾਗੜੂ ਹੈ। ਸਿਰਸਾ, ਹਿਸਾਰ ਤੇ ਰਾਜਸਥਾਨ ਦਾ ਹਨੂੰਮਾਨ ਗੜ੍ਹ, ਗੰਗਾ ਨਗਰ ਦਾ ਖੇਤਰ ਬਾਗੜੀ ਉਪਬੋਲੀ ਦਾ ਹੈ। ਮਾਲਵੇ ਦੇ ਦੱਖਣ ਪੱਛਮ ਵੱਲ ਮੋੜਾ ਕੱਟਦੇ ਹੋਏ ਫਾਜ਼ਿਲਕਾ ਤੇ ਫਿਰੋਜਪੁਰੋਂ ਸੱਤਲੁਜ ਤੋਂ ਦੱਖਣ ਵੱਲ ਵੱਡਾ ਰੇਗਿਸਤਾਨੀ ਖੇਤਰ ਬਹਾਵਲ ਨਗਰ, ਬਹਾਵਲ ਪੁਰ, ਰਹੀਮਯਾਰ ਖਾਨ ਤੀਕਰ ਬਹਾਉਲੀ / ਸਰਾਇਕੀ ਲਹਿਜਾ ਹੈ। ਅੱਗੋਂ ਸਤਲੁਜ ਤੇ ਰਾਵੀ ਵਿਚਕਾਰ ਲਹਿੰਦੀ ਬੋਲੀ ਦੀ ਜੂਹ ਲੰਮਾ ਦੇਸ ਆ ਜਾਂਦੀ ਹੈ। ਇਹਦੇ ਵਿਚ ਉਕਾੜ੍ਹਾ, ਸਾਹੀਵਾਲ, ਪਾਕਪਟਨ, ਮੁਲਤਾਨ, ਵਿਹਾੜੀ ਦੇ ਪੰਜਾਬ ਦੇ ਧੁਰ ਦੱਖਣੀ ਹਿੱਸੇ ਸਿੰਧੀ ਬੋਲੀ ਨਾਲ ਸਾਂਝ ਰੱਖਣ ਵਾਲੇ ਪੰਜਾਬੀ ਦੀ ਪੁਰਾਤਨ ਵਿਰਾਸਤੀ ਜੁਬਾਨ ਲਹਿੰਦੀ ਦੇ ਖੇਤਰ ਹਨ। ਭਲੇ ਸਮਿਆਂ ਵਿਚ ਮੁਲਤਾਨੀ ਹੀ ਸਾਡੇ ਸੂਫੀ ਬਾਬਿਆਂ, ਕਿੱਸਾ ਕਾਰਾਂ ਤੇ ਗੁਰੂ ਨਾਨਕ ਦੇਵ ਜੀ ਦੇ ਵੇਲਿਆਂ ਤੱਕ ਇਸ ਖਿੱਤੇ ਦੀ ਮੁੱਖ ਬੋਲੀ ਰਹੀ ਹੈ। ਪਿੱਛੋਂ ਆ ਕੇ ਲਾਹੌਰੀ ਜਾਂ ਮਾਝੀ ਨੇ ਪਿੜ ਮੱਲ ਲਿਆ।

1947 ਈ: ਵਾਲੇ ਅਤਿਅੰਤ ਭਿਆਨਕ ਸਮੇਂ ਨੇ ਪੰਜਾਬ ਦੀ ਜ਼ੁਬਾਨ, ਇਥੋਂ ਦੀ ਇਕਜੁੱਟ ਸਭਿਆਚਾਰਕ ਵਿਰਾਸਤ ਅਤੇ ਇਤਿਹਾਸ ਦਾ ਜੋ ਘਾਣ ਕੀਤਾ ਉਹ ਅਸਹਿ ਅਤੇ ਅਕਿਹ ਹੈ। ਦੱਖਣੀ ਏਸ਼ੀਆਂ ਦੇ ਸਿਰਮੌਰ ਖੇਤਰ ਨੂੰ ਖੱਖੜੀਆਂ ਕਰੇਲੇ ਕਰ ਕੇ ਜੋ ਤਰਸ ਜੋਗ ਹਾਲਤ ਉਸ ਵੇਲੇ ਦੇ ਹੁਕਮਰਾਨਾ ਨੇ ਸਾਡੀ ਮਾਂ ਬੋਲੀ ਦੀ ਕੀਤੀ ਉਹ ਇਤਿਹਾਸ ਨੂੰ ਸਦਾ ਹੀ ਕਲੰਕਤ ਕਰਦੀ ਰਹੇਗੀ। ਅੱਜ ਲਹਿੰਦੇ ਵਾਲੇ ਪੰਜਾਬ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਆਪਣੀ ਮਾਦਰੀ ਜ਼ੁਬਾਨ ਸਰਕਾਰ ਦੇ ਕਿਸੇ ਅਦਾਰੇ ਜਾਂ ਸਦਰ ਸ਼ਹਿਰ ਲਾਹੌਰ ਦੀਆਂ ਅਦਾਲਤਾਂ ਤੇ ਅਸੈਂਬਲੀ ਦੀਆਂ ਬਰੂਹਾਂ ਵੀ ਨਹੀਂ ਲੰਘ ਸਕਦੀ। ਉੱਥੇ ਉਰਦੂ ਅੰਗ੍ਰੇਜ਼ੀ ਦਾ ਬੋਲ ਬਾਲਾ ਹੈ। ਚੜ੍ਹਦੇ ਪੰਜਾਬ ਦੀ ਅੱਗੋਂ ਹੋਈ ਵੰਡ ਦਰ ਵੰਡ ਨੇ ਦਿੱਲੀ ਹਰਿਆਣਾ, ਹਿਮਾਚਲ ਅਤੇ ਜੰਮੂ ਵਿਚ ਪੰਜਾਬੀ ਨੂੰ ਮਰਨ ਕੰਢੇ ਤੇ ਪਹੁੰਚਾ ਦਿੱਤਾ ਹੈ। ਹੁਣ ਤੋਂ ਤੀਹ ਕੁ ਵਰ੍ਹੇ ਪਹਿਲਾਂ ਆਪਣੀਆਂ ਪੰਜਾਬਣ ਮਾਵਾਂ ਦੇ ਜਾਇਆ ਨੇ ਆਪਣੀਆਂ ਜੜ੍ਹਾ ਫਰੋਲਣ ਪਿਛੋਂ ਇਕ ਅਸਲੀ ਤੇ ਨਿਵੇਕਲੀ ਕਿਸਮ ਦੀ ਢਾਣੀ, 'ਪੰਜਾਬੀ ਸੱਥ' ਨਾਮੀਂ ਬਿਲਕੁਲ ਹੇਠਲੀ ਪੱਧਰ ਤੇ ਕੰਮ ਕਰਨ ਵਾਲੀ ਜਥੇਬੰਦੀ ਦਾ ਮੁੱਢ ਬੰਨ੍ਹਿਆ। ਇਸ ਦਾ ਮੁੱਖ ਮਨੋਰਥ ਰਵਾਇਤੀ ਲੀਹ ਤੋਂ ਹਟਵਾਂ ਪੰਜਾਬ ਦੀ ਬੋਲੀ ਵਿਰਾਸਤ, ਸਭਿਆਚਾਰ ਅਤੇ ਇਤਿਹਾਸ ਨੂੰ ਖੰਘਾਲ ਕੇ ਬਦਲਵੇਂ ਤੌਰ ਤਰੀਕਿਆਂ ਰਾਹੀ ਇਸ ਖਿੱਤੇ ਦੇ ਅਤੀਤ ਤੋਂ ਸਬਕ ਸਿੱਖ ਕੇ ਵਰਤਮਾਨ ਵਿਚ ਸਮੇਂ ਦੇ ਹਾਣੀ ਬਣ ਕੇ ਭਵਿੱਖ ਦਾ ਰਸਤਾ ਲੱਭਣਾ ਮਿੱਥਿਆ ਗਿਆ।

ਸਮਾਂ ਬੜਾ ਸਮਰੱਥ ਕਿਰਦਾਰ ਸਦਾ ਹੀ ਨਿਭਾਉਂਦਾ ਰਿਹਾ ਹੈ। ਗਿਆਨ-ਵਿਗਿਆਨ ਨੇ ਨਵੀਆਂ ਤੋਂ ਨਵੀਆਂ ਅਲੋਕਾਰੀ ਕਾਢਾਂ ਰਾਹੀਂ ਅਨੇਕਾਂ ਹੀ ਸੰਦ ਅਤੇ ਤੌਰ ਤਰੀਕੇ ਖੋਜ ਕੇ ਪੰਜਾਬੀ ਦੀ ਸਾਂਭ-ਸੰਭਾਲ, ਤਰੱਕੀ ਕਰਨ ਤੇ ਸਮੇਂ ਦੇ ਹਾਣੀ ਬਣਨ ਦੇ ਰਾਹ ਖੋਲ੍ਹ ਦਿੱਤੇ ਹਨ। ਹੁਣ ਤੋਂ ਸਿਰਫ ਸੱਤਰ ਕੁ ਸਾਲ ਪਹਿਲਾਂ ਪੰਜਾਬੀ ਦੇ ਮੁੱਢਈ ਅਖਬਾਰ ਵੀ ਉਰਦੂ ਵਾਲੇ ਅੱਖਰਾਂ ਵਿਚ ਹੀ ਛਪਦੇ ਸਨ। ਅੱਜ ਪੰਜਾਬੀ ਦੇ ਦਰਜਨਾਂ ਹੀ ਨਹੀਂ ਸੈਂਕੜੇ ਅਖਬਾਰ, ਰਸਾਲੇ ਕਾਗਜਾਂ ਤੇ ਹੀ ਨਹੀਂ ਕੰਪਿਊਟਰ, ਟੈਲੀਫੋਨ ਤੇ ਆਨਲਾਇਨ ਧੜਾ ਧੜ ਛਪਦੇ ਤੇ ਪੜ੍ਹੇ ਜਾਂਦੇ ਹਨ। ਹੱਦਾਂ, ਸਰਹੱਦਾਂ, ਹਕੂਮਤਾਂ ਲੋਕਾਈ ਦੀਆਂ ਬੋਲੀਆਂ ਤੇ ਲਿਪੀਆਂ ਦੇ ਪਸਾਰ ਨੂੰ ਡੱਕਣ ਵਿਚ ਅਸਫਲ ਹੋ ਚੁੱਕੀਆਂ ਹਨ। ਵੀਹਵੀਂ ਸਦੀ ਦੇ ਅੰਤਲੇ ਅਤੇ ਇੱਕੀਵੀਂ ਦੇ ਮੁੱਢਲੇ ਸਾਲਾਂ ਨੇ ਮੌਕੇ ਬਖਸ਼ੇ ਹਨ ਕਿ ਅਸੀਂ ਆਪਣੀ ਹੀਣਤਾਈ ਦੇ ਖੋਲ਼ ਵਿਚੋਂ ਬਾਹਰ ਨਿਕਲ ਕੇ ਖੁੱਲ੍ਹੇ-ਡੁੱਲ੍ਹੇ ਮੋਕਲੇ ਮਾਹੌਲ ਵਿਚ ਆਪਣਾ ਸਵੈ-ਮਾਣ ਤੇ ਅਣਖ ਦੀਆਂ ਵਿਰਾਸਤੀ ਸ਼ਾਨਾਂ ਜੱਗ ਜਾਹਰ ਕਰੀਏ। ਮੜਕ ਨਾਲ ਤੁਰਨ ਦੀ ਜਾਂਚ ਸਿੱਖ ਕੇ ਅੱਗੇ ਤੋਂ ਅੱਗੇ ਵਧੀਏ। ਕੁਦਰਤ ਵੱਲੋਂ ਬਖ਼ਸ਼ੀ ਦਾਤ ਰੂਪੀ ਸੁਰਤ ਤੇ ਸੋਝੀ ਰਾਹੀਂ ਭਿੰਨ ਭਿੰਨ ਲਹਿਜਿਆਂ 'ਚੋਂ ਮਾਂ ਪੰਜਾਬੀ ਦਾ ਮੁਹਾਂਦਰਾ ਪਛਾਣੀਏ।

● ● ●

**ਜ਼ਿੰਦਗੀ ਨੂੰ ਖੁੱਲ੍ਹੀ ਕਿਤਾਬ ਨਾ ਬਣਾਓ, ਕਿਉਂਕਿ ਲੋਕਾਂ ਨੂੰ ਪੜ੍ਹਨ ਵਿਚ ਨਹੀਂ ਵਰਕੇ ਪਾੜ੍ਹਨ ਵਿਚ ਸੁਆਦ ਆਉਂਦਾ ਹੈ।**

# ਸ਼ਹੀਦਾਨਿ-ਵ.ਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ .ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ .ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵ.ਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

25.

**ਬੇਮਿਸਲੋ-ਬੇਨਜ਼ੀਰ ਤੂ ਸਤਿਗੁਰ ਹਮਾਰਾ ਹੈ।**
**ਵਾਹਿਗੁਰੂ ਕੇ ਬਾਅਦ ਤਿਰਾ ਹੀ ਸਹਾਰਾ ਹੈ।**
**ਹੋ ਕਾਸ਼ ! ਸਭ ਕੋ ਤੁਝ ਕੋ .ਖ਼ੁਦਾ ਜਿਤਨਾ ਪਿਆਰਾ ਹੈ।**
**ਤੇ.ਗੋਂ ਕੇ ਸਾਏ ਮੇਂ ਕਹਾਂ ਦਾਤਾ ਬਿਸਾਰਾ ਹੈ।**
**ਤੌਹੀਦ ਪੇ ਫ਼ਿਦਾ ਥਾ ਤੂ ਆਲੀ-ਮੁਕਾਮ ਥਾ।**
**ਤੀਰੋਂ ਕੇ ਮੀਂਹ ਮੇਂ ਯਾਦਿ-ਖ਼ੁਦਾ ਤੇਰਾ ਕਾਮ ਥਾ।**

ਸਤਿਗੁਰੂ ਜੀਓ ! ਆਪ ਬੇਮਿਸਾਲ ਤੇ ਅਦੁੱਤੀ ਹੋ। ਵਾਹਿਗੁਰੂ ਤੋਂ ਬਾਅਦ ਸਾਨੂੰ ਆਪ ਦਾ ਹੀ ਆਸਰਾ ਹੈ। ਜਿਤਨਾ ਆਪ ਜੀ ਨੂੰ ਪਰਮੇਸ਼ਰ ਨਾਲ ਪਿਆਰ ਹੈ, ਕਾਸ਼ ! ਸਾਰਿਆਂ ਨੂੰ ਆਪ ਜੀ ਨਾਲ ਵੀ ਉਤਨਾ ਹੀ ਪਿਆਰ ਹੋਵੇ। ਆਪ ਜੀ ਨੇ ਮੈਦਾਨੇ-ਜੰਗ ਵਿਚ ਤੀਰਾਂ ਤੇ ਤੇ.ਗਾਂ ਦੀ ਛਾਂ ਹੇਠ ਵੀ ਪਰਮੇਸ਼ਰ ਦੀ ਯਾਦ ਦਿਲੋਂ ਨਹੀਂ ਸੀ ਭੁਲਾਈ। ਅਦ੍ਵੈਤਵਾਦ (ਈਸ਼ਵਰ ਦੀ ਏਕਤਾ) 'ਤੇ ਆਪ ਕੁਰਬਾਨ ਸੀ, ਪੈਗੰਬਰਾਂ ਵਿਚ ਆਪ ਦਾ ਮਹਾਨ ਦਰਜਾ ਹੈ। ਵਰ੍ਹਦੇ ਹੋਏ ਤੀਰਾਂ ਵਿਚ ਵੀ ਪਰਮੇਸ਼ਰ ਨੂੰ ਯਾਦ ਰੱਖਣਾ ਆਪ ਦਾ ਹੀ ਕਰਮ ਸੀ।

26.

**ਯਾਦਿ ਅਕਾਲ ਪੁਰਖ ਕਾ ਸਭ ਕੋ ਸਬਕ ਦੀਆ।**
**.ਖ਼ੰਜਰ ਕੀ ਧਾਰ ਪੇ ਭੀ ਵਰਕ ਦਰ ਵਰਕ ਦੀਆ**
**ਕਰਕੇ ਅਮਲ ਸਿਖਾਯਾ ਜੁ ਮਜ਼ਮੂੰ ਅਰਕ ਦੀਆ।**
**ਫਿਰ ਜ਼ਾਲਮੋਂ ਸੇ ਛੀਨ ਕੇ, ਸਿੰਘੋਂ ਕੋ ਹੱਕ ਦੀਆ।**
**ਰੁਤਬੇ ਸੇ ਮਾਰਫ਼ਤ ਕੇ ਹੈਂ ਹਮ ਆਜ ਗਿਰ ਗਏ।**
**ਸੁਹਬਤ ਸੇ ਬੁਤਪ੍ਰਸਤੋਂ ਕੀ ਤਕਦੀਰ ਫਿਰ ਗਏ।**

ਸਤਿਗੁਰੂ ਜੀ ! ਆਪ ਨੇ ਸਭਨਾਂ ਨੂੰ ਪਰਮੇਸ਼ਰ ਦੀ ਬੰਦਗੀ ਦਾ ਸਬਕ ਸਿਖਾਇਆ। ਜੇਕਰ ਤਲਵਾਰ ਦੀ ਧਾਰ ਉੱਤੇ ਚੱਲਣ ਦੀ ਗੱਲ ਆਈ ਤਾਂ ਅਦੁੱਤੀ ਮਿਸਾਲਾਂ ਨਾਲ ਪੰਨਿਆਂ ਦੇ ਪੰਨੇ ਭਰੇ ਪਏ ਹਨ। ਇਸ ਖੇਤਰ ਵਿਚ ਔਖੇ ਤੋਂ ਔਖੇ ਪਾਠ ਦੀ ਖ਼ੁਦ ਅਮਲੀ ਰੂਪ ਵਿਚ ਸਿੱਖਿਆ ਦਿੱਤੀ। ਉਪਰੰਤ ਜ਼ਾਲਮਾਂ ਨਾਲ ਟੱਕਰ ਲੈ ਕੇ ਸਿੰਘਾਂ ਨੂੰ ਉਨ੍ਹਾਂ ਦੇ ਹੱਕ ਦਿਵਾਏ। ਅੱਜ ਅਸੀਂ ਦੈਵੀ-ਗਿਆਨ ਦੇ ਰੁਤਬੇ ਤੋਂ ਬੜਾ ਹੇਠਾਂ ਡਿੱਗ ਗਏ ਹਾਂ ਅਤੇ ਮੂਰਤੀ-ਪੂਜਕਾਂ ਦੀ ਸੰਗਤ ਕਾਰਨ ਆਪਣੀ ਕਿਸਮਤ ਨੂੰ ਵੀ ਵਿਗਾੜ ਲਿਆ ਹੈ।

27.

**ਫ਼ਾਰਿਗ ਇਬਾਦਤੋਂ ਸੇ .ਗਰਜ਼ਿ ਕਿ ਹੁਏ ਗੁਰੂ।**
**ਪੂਛਾ ਯੇਹ ਸਾਹਿਬਜ਼ਾਦੋਂ ਸੇ ਕਿਉਂ .ਗੁਲ ਹੈ ਚਾਰ ਸੂ।**
**.ਫ਼ੁਰਮਾਏ ਹਾਥ ਬਾਂਧ ਵੋਹ ਚਾਰੋਂ ਹੀ ਨੇਕ-ਖ਼ੂ।**
**ਸਬ ਵਾਕਯਾ ਬਿਆਂ ਕੀਆ ਸਤਿਗੁਰ ਕੇ ਰੂਬਰੂ।**
**ਸੁਨਤੇ ਹੀ ਜਿਸ ਕੋ ਆਪ ਕੇ ਤੇਵਰ ਬਦਲ ਗਏ।**
**ਗੱਦੀ ਸੇ ਉਤਰੇ, ਤੇ.ਗ ਉਠਾਈ, ਸੰਭਲ ਗਏ।**

ਜਦੋਂ ਸਤਿਗੁਰੂ ਜੀ ਭਜਨ-ਸਿਮਰਨ ਤੋਂ ਵਿਹਲੇ ਹੋਏ ਤਾਂ ਸਾਹਿਬਜ਼ਾਦਿਆਂ ਨੂੰ ਪੁੱਛ ਕੀਤੀ ਕਿ ਚਾਰੇ ਪਾਸੇ ਸ਼ੋਰ-ਸ਼ਰਾਬਾ ਕਿਉਂ ਮੱਚਿਆ ਹੋਇਆ

ਹੈ? ਚਾਰੇ ਹੀ ਨੇਕ ਤੇ ਸੁਸ਼ੀਲ ਸਪੁੱਤਰਾਂ ਨੇ ਹੱਥ ਜੋੜ ਕੇ ਸਾਰਾ ਹਾਲ ਪਿਤਾ ਗੁਰੂ ਜੀ ਨੂੰ ਦੱਸਿਆ, ਜਿਸ ਨੂੰ ਸੁਣਦੇ ਸਾਰ ਆਪ ਦਾ ਮਿਜ਼ਾਜ਼ ਬਦਲ ਗਿਆ। ਆਪ ਸਿੰਘਾਸਨ ਤੋਂ ਉੱਤਰੇ ਅਤੇ ਤਲਵਾਰ ਚੁੱਕ ਕੇ ਸਾਵਧਾਨ ਹੋ ਗਏ।

28.

**ਅਸਲਾ ਸਜਾਇ, ਕਲਗ਼ੀ ਲਗਾਇ, ਤਬਰ ਲੀਆ।**
**ਤੀਰੋਂ ਸੇ ਖ਼ੂਬ ਠੌਂਸ ਕੇ ਤਰਕਸ਼ ਕੋ ਭਰ ਲੀਆ।**
**ਘੋੜਾ ਮੰਗਾ ਰਕਾਬ ਪੇ ਜਬ ਪਾਉਂ ਧਰ ਲੀਆ।**
**ਕਾਬੂ ਅਨਾ ਕੋ ਥਾਮ ਕੇ ਇਕ ਦੇਵ ਕਰ ਲੀਆ।**
**ਸਿੰਘੋਂ ਮੇਂ ਜਬ ਰਵਾਂ ਹੂਆ ਗੁਰ ਕਾ ਸਮੰਦ ਥਾ।**
**ਵਾਹਿਗੁਰੂ ਕੀ ਫ਼ਤੇ ਕਾ ਨਾਅਰਾ ਬੁਲੰਦ ਥਾ।**

ਸਤਿਗੁਰੂ ਜੀ ਨੇ ਜੰਗ ਦੀ ਤਿਆਰੀ ਅਰੰਭੀ। ਸਰੀਰ 'ਤੇ ਸ਼ਸ਼ਤਰ ਸਜਾਏ, ਦਸਤਾਰ 'ਤੇ ਕਲਗੀ ਸਜਾਈ ਅਤੇ ਹੱਥ ਵਿਚ ਸਫ਼ਾਜੰਗ ਨਾਮਕ ਹਥਿਆਰ ਪਕੜ ਲਿਆ। ਭੱਥੇ ਨੂੰ ਤੀਰਾਂ ਨਾਲ ਤੁੰਨ-ਕੁੰਨ ਕੇ ਭਰ ਲਿਆ। ਘੋੜਾ ਮੰਗਵਾ ਕੇ ਜਦੋਂ ਰਕਾਬ ਉੱਤੇ ਪੈਰ ਰੱਖਿਆ ਅਤੇ ਤਕੜਾਈ ਨਾਲ ਵਾਗ ਪਕੜੀ ਤਾਂ ਘੋੜਾ ਵੀ ਮਾਨੋ ਇਕ ਦੇਵ ਸਮਾਨ ਹੋ ਗਿਆ। ਫਿਰ ਜਦੋਂ ਸਤਿਗੁਰੂ ਜੀ ਘੋੜੇ ਉੱਤੇ ਚੜ੍ਹ ਕੇ ਖ਼ਾਲਸਾ ਸੈਨਾ ਵਿਚਕਾਰੋਂ ਲੰਘੇ ਤਾਂ ਵਾਹਿਗੁਰੂ ਦੀ ਫ਼ਤਹ ਦੇ ਜੈਕਾਰੇ ਗੂੰਜ ਉੱਠੇ।

29.

**ਹਾਂ ਸਾਕੀਆ ! ਕਿਧਰ ਹੈ ਸ਼ਰਾਬ ਕੁਹਨ ਪਿਲਾ।**
**ਕਹਿਤਾ ਹੈ ਤੁਝੇ ਜੋ ਗਏ ਸ਼ੀਰੀਂ ਸੁਖ਼ਮ ਪਿਲਾ।**
**ਸ਼ੇਰੋਂ ਕੋ ਆਜ ਸ਼ੇਰੀ ਪਿਲਾ, ਸ਼ੈਂਪੀਅਨ ਪਿਲਾ।**
**ਪਾਉ ਆਧ ਪਾਉ ਹੇਚ ਹੈ, ਦੋ ਚਾਰ ਮਣ ਪਿਲਾ।**
**ਸਤਿਗੁਰ ਕੀ ਤਾ ਕਿ ਰਨ ਮੇਂ ਲੜਾਈ ਦਿਖਾ ਸਕੂੰ।**
**ਮੈਂ ਭੀ ਰਕਾਬ ਥਾਮ ਕੇ, ਮੈਦਾਂ ਮੇਂ ਜਾ ਸਕੂੰ।**

ਐ ਸਾਕੀ ! ਕਿਥੇ ਹੈ ਤੇਰੀ ਪੁਰਾਣੀ ਸ਼ਰਾਬ? ਉਹ ਸਾਨੂੰ ਆਣ ਕੇ ਪਿਲਾ। ਉਹ ਮਿੱਠੇ ਬੋਲ, ਜਿਨ੍ਹਾਂ ਨੂੰ ਸੁਣਿਆਂ ਸਮਾਂ ਬੀਤ ਗਿਆ ਹੈ, ਦੁਬਾਰਾ ਸਾਨੂੰ ਸੁਣਾ। ਅੱਜ ਸੂਰਮਿਆਂ ਨੂੰ ਸ਼ੇਰੀ ਤੇ ਸ਼ੈਂਪੀਅਨ ਸ਼ਰਾਬ ਪਿਲਾ। ਪਾਈਆ, ਦੋ ਪਾਈਆ ਸ਼ਰਾਬ ਨਾਲ ਇਥੇ ਕੀ ਬਣਨਾ ਹੈ, ਇਕੱਠੀ ਦੋ-ਚਾਰ ਮਣ ਪਿਲਾਦੇ। ਇਹ ਇਸ ਲਈ ਤਾਂ ਜੋ ਮੈਂ ਵੀ ਨਾਮ ਰਸ ਵਿਚ ਮਤਵਾਲਾ ਹੋ ਕੇ ਗੁਰੂ ਜੀ ਵੱਲੋਂ ਲੜੀ ਜਾ ਰਹੀ ਜੰਗ ਵਿਚ ਸ਼ਾਮਲ ਹੋ ਸਕਾਂ ਅਤੇ ਘੋੜੇ ਦੀ ਰਕਾਬ ਪਕੜ ਕੇ ਮੈਦਾਨੇ-ਜੰਗ ਵਿਚ ਵੈਰੀਆਂ ਨਾਲ ਦੋ-ਹੱਥ ਕਰ ਸਕਾਂ। (ਚਲਦਾ)

**ਬਮਸਲ ਫਾਊਂਡੇਸ਼ਨ ਚੰਡੀਗੜ੍ਹ ਦੇ ਸੁਯੋਗ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ, ਵਿੱਤ ਸਕੱਤਰ ਸ. ਸੁਰਜੀਤ ਸਿੰਘ ਅਤੇ ਬਾਕੀ ਸਮੁੱਚੀ ਟੀਮ ਦੇ ਯਤਨਾਂ ਸਦਕਾ ਫਾਊਂਡੇਸ਼ਨ ਦੀ ਪਿਛਲੇ ਗਿਆਰਾਂ ਮਹੀਨੇ ਦੇ ਸਮੇਂ ਵਿਚ ਰਿਕਾਰਡ ਤੋੜ ਵਿੱਤੀ ਪ੍ਰਾਪਤੀ ਲਈ ਪ੍ਰਧਾਨ ਜੀ ਅਤੇ ਸਮੁੱਚੀ ਮੈਨੇਜਮੈਂਟ ਵਧਾਈ ਦੀ ਹੱਕਦਾਰ।**

**ਫ਼ਰਵਰੀ ਮਹੀਨੇ ਦੀ ਕੁੱਲ ਆਮਦਨ- 9,18,062/-ਰੁਪਏ**
**ਫ਼ਰਵਰੀ ਮਹੀਨੇ ਦਾ ਕੁੱਲ ਖਰਚਾ - 3,06,279/-ਰੁਪਏ**
**ਬਚਤ - 6,11,783**
**ਸਾਲ 2024 ਦੇ 31 ਮਾਰਚ ਤੱਕ ਦਾ ਬਕਾਇਆ - 57,57,693**
**ਫਰਵਰੀ 2025 ਤੱਕ ਕੁੱਲ ਪ੍ਰਾਪਤੀਆਂ - 86,02,666.62**
**ਗਿਆਰਾਂ ਮਹੀਨਿਆਂ ਦੀ ਕੁੱਲ ਬਚਤ - 28,44,973.62**

**- ਸੰਪਾਦਕ**

# ਬਹੁਤਾ ਕਰਮੁ ਲਿਖਿਆ ਨਾ ਜਾਇ ॥ ਅੰਗ-5

ਪ੍ਰਭੂ ਦੀ ਬਖਸ਼ਿਸ਼ ਏਨੀ ਵੱਡੀ ਹੈ ਕਿ ਲਿਖੀ ਨਹੀਂ ਜਾ ਸਕਦੀ। God's grace is go grand that it cannot be listed.

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਅਰਦਾਸ ਕਰਦੇ ਭਗਤ ਸੂਰਦਾਸ ਜੀ ਵਰਿੰਦਾਵਣ ਤੋਂ ਅੰਮ੍ਰਿਤਸਰ ਲਈ ਚੱਲੇ। ਰਸਤੇ ਵਿਚ ਕਾਫੀ ਔਕੜਾਂ ਦਾ ਸਾਹਮਣਾ ਕਰਦੇ ਹੋਏ ਲਿਖਣਸਰ ਸਾਹਿਬ ਜਿੱਥੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਦਾ ਕਮ ਚੱਲ ਰਿਹਾ ਸੀ ਪਹੁੰਚੇ। ਇਥੇ ਗੁਰੂ ਅਰਜਨ ਦੇਵ ਜੀ ਭਾਈ ਗੁਰਦਾਸ ਜੀ ਪਾਸੋਂ ਬਾਣੀ ਦਰਜ ਕਰਵਾ ਰਹੇ ਸਨ। ਕਾਫੀ ਸੂਫ਼ੀ ਸੰਤ, ਭਗਤ ਜਨ ਬਾਣੀ ਦਰਜ ਕਰਵਾਉਣ ਲਈ ਪਹੁੰਚੇ ਹੋਏ ਸਨ। ਜਦੋਂ ਸੂਰਦਾਸ ਜੀ ਦੀ ਵਾਰੀ ਆਉਂਦੀ ਹੈ ਤਾਂ ਗੁਰੂ ਅਰਜਨ ਦੇਵ ਜੀ ਬਾਣੀ ਉਚਾਰਣ ਲਈ ਕਹਿੰਦੇ। ਸੂਰਦਾਸ ਜੀ ਨੇ ਸਾਰੰਗ ਰਾਗ ਵਿਚ ਬਾਣੀ ਦੀ ਪਹਿਲੀ ਪੰਕਤੀ ਉਚਾਰੀ ਹੀ ਤਾਂ ਉਹ ਸਮਾਧੀ ਵਿਚ ਲੀਨ ਹੋ ਗਏ। ਗੁਰੂ ਜੀ ਨੇ ਕੁਝ ਸਮਾਂ ਉਡੀਕ ਕੀਤੀ ਪਰ ਉਹ ਸਮਾਧੀ ਵਿਚੋਂ ਬਾਹਰ ਨਹੀਂ ਆਏ। ਦੂਜੇ ਪਾਸੇ ਸੇਵਾਦਾਰ ਗੁਰੂ ਜੀ ਨੂੰ ਸੁਨੇਹਾ ਦਿੰਦੇ ਕਿ ਸੰਗਤਾਂ ਲੰਗਰ ਛਕਣ ਵਾਸਤੇ ਆਪ ਜੀ ਦੀ ਉਡੀਕ ਵਿਚ ਹਨ। ਗੁਰੂ ਜੀ ਲਈ ਦੋ ਸਵਾਲ ਪੈਦਾ ਹੋ ਗਏ। ਜੇਕਰ ਸੂਰਦਾਸ ਜੀ ਦੀ ਉਡੀਕ ਕਰਦੇ ਤਾਂ ਸੰਗਤਾਂ ਭੁਖੀਆਂ ਬੈਠੀਆਂ ਰਹਿੰਦੀਆਂ ਜੇ ਜਾਂਦੇ ਤਾਂ ਸੂਰਦਾਸ ਜੀ ਦੀ ਬਾਣੀ ਉਚਾਰਣ ਅਧੂਰਾ ਰਹਿੰਦਾ। ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਇਹਨਾਂ ਦੀ ਇਕ ਤੁਕ ਹੀ ਦਰਜ ਕਰ ਲਉ ਤਾਂ ਭਾਈ ਗੁਰਦਾਸ ਜੀ ਨੇ ਕਿਹਾ ਕਿ ਇਹ ਕਿਸ ਤਰ੍ਹਾਂ ਪਤਾ ਚਲੇਗਾ ਕਿ ਇਹ ਬਾਣੀ ਸੂਰਦਾਸ ਹੋਰਾਂ ਦੀ ਹੈ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਇਹ ਤੁਕ ਉਹ ਖੁਦ ਪੂਰੀ ਕਰ ਦੇਣਗੇ। ਇਸੇ ਲਈ ਇਹ ਤੁਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਮਹਲਾ 5 ਸੂਰਦਾਸ। ਉਪਰੋਕਤ ਸੰਤ ਸਿੰਘ ਜੀ ਮਸਕੀਨ ਹੋਰਾਂ ਆਪਣੀ ਕਥਾ ਵਿਚ ਸੁਣਾਇਆ ਤੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਭਾਈ ਸੰਤੋਖ ਸਿੰਘ ਜੀ ਦੀ ਕਿਤਾਬ ਵਿਚ ਪੜ੍ਹਿਆ ਸੀ।

ਇਹ ਸੀ ਸੂਰਦਾਸ ਜੀ ਦੀ ਕਮਾਈ ਕਿ ਅੱਖਾਂ ਬਿਨਾਂ ਵਰਿੰਦਾਵਣ ਤੋਂ ਅੰਮ੍ਰਿਤਸਰ ਪਹੁੰਚਣਾ ਅਤੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਦਰਜ ਕਰਾਉਣੀ। ਇਹ ਸਾਰੀ ਉਸ ਦੀ ਹੀ ਲੀਲਾ ਕਹੀ ਜਾ ਸਕਦੀ ਹੈ।

ਗੁਰਬਾਣੀ ਵਿਚ ਦੋ ਗਨਿਕਾ ਦਾ ਪ੍ਰਸੰਗ ਆਉਂਦਾ ਹੈ, ਇਕ ਪਿੰਗਲਾ, ਜੋ ਰਾਜਾ ਜਨਕ ਦੀ ਪੁਰੀ ਵਿਚ ਰਹਿੰਦੀ ਸੀ, ਇਕ ਰਾਤ ਇਸ ਨੂੰ ਕੋਈ ਕਾਮੀ ਪੁਰਖ ਨਾ ਮਿਲਿਆ, ਅੱਧੀ ਰਾਤ ਬੀਤਣਪੁਰ ਮਨ ਨੂੰ ਪਛਤਾਵਾ ਹੋਇਆ ਅਤੇ ਖਿਆਲ ਉਪਜਿਆ ਕਿ ਜੇ ਇਤਨਾ ਧਿਆਨ ਅਤੇ ਪਿਆਰ ਕਰਤਾਰ ਵੱਲ ਜੋੜਦੀ, ਤਦ ਕੇਹਾ ਉਤਮ ਫਲ ਹੁੰਦਾ, ਉਸ ਵੇਲੇ ਸਭ ਕੁਕਰਮ ਛੱਡ ਕੇ ਕਰਤਾਰ ਪਰਾਇਣ ਹੋਈ ਅਤੇ ਪਵਿੱਤਰ ਜੀਵਨ ਬਿਤਾਇਆ, ਇਸੇ ਗਨਕਾ ਨੂੰ ਦੱਤਾਤ੍ਰੇਯ ਜੀ ਨੇ ਗੁਰੂ ਕਲਪਿਆ ਸੀ।

**(ਕੇਦਾ ਰਵਿਦਾਸ)**

**''ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ''।**

ਦੂਜੀ ਗਨਿਕਾ ਉਹ ਸੀ ਜਿਸ ਨੂੰ ਕਿਸੇ ਸਾਧੂ ਨੇ ਤੋਤਾ ਦੇ ਕੇ ਹਰਿਨਾਮ ਸਿਖਾਉਣ ਦਾ ਉਪਦੇਸ਼ ਦਿੱਤਾ ਅਤੇ ਉਹ ਨਾਮ ਅਭਿਆਸ ਵਿਚ ਲੱਗ ਕੇ ਪਵਿਤਰ ਆਤਮਾ ਹੋ ਗਈ।

**''ਗਨਿਕਾ ਉਧਰੀ ਹਰਿ ਕਹੈ ਤੋਤ''** (**ਬਸੰ ਅ: ਮ:**5)

**''ਜਿਹ ਸਿਮਰਤ ਗਨਕਾ ਸੀ ਉਧਰੀ''** (**ਸੋਰ ਮਹਲਾ 9**)

**(ਉਪਰੋਕਤ ਭਾਈ ਕਾਹਨ ਸਿੰਘ ਨਾਭਾ ਮਹਾਨਕੋਸ਼ 'ਚੋਂ)**

ਬੰਦਾ ਬਹਾਦਰ ਜਿਹਨਾਂ ਦਾ ਮਿਲਾਪ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਮਤ 1765 ਵਿਚ ਹੋਇਆ। ਬੰਦਾ ਬਹਾਦਰ ਜੀ ਦਾ ਜਨਮ ਕੱਤਕ ਸੁਦੀ 13 ਸੰਮਤ 1727 ਨੂੰ ਹੋਇਆ। ਇਹਨਾਂ ਦਾ ਨਾਮ ਲਛਮਣ ਦੇਵ ਰੱਖਿਆ ਗਿਆ। ਇਹਨਾਂ ਨੂੰ ਸ਼ਸਤਰ ਵਿਦਿਆ ਅਤੇ ਸ਼ਿਕਾਰ ਦਾ ਬਹੁਤ ਸ਼ੌਕ ਸੀ। ਗਰਭਵਤੀ ਹਿਰਨੀ ਨੂੰ ਮਾਰਨ ਉਪਰੰਤ ਮਨ ਵਿਚ ਵਿਰਾਗ ਹੋਇਆ ਤੇ ਇਹ ਸਭ ਕੁਝ ਤਿਆਗ ਕੇ ਵੈਸ਼ਨਵ ਜਾਨਕੀ ਪ੍ਰਸ਼ਾਦ ਸਾਧੂ ਦਾ ਚੇਲਾ ਬਣ ਗਿਆ। ਸਮਦਸ ਸਾਧਨ ਕਰਦਾ ਹੋਇਆ ਕਰਨੀ ਦੇ ਪ੍ਰਭਾਵ ਸਿੱਧ ਪੁਰਖ ਬਣ ਗਿਆ। ਦੱਖਣ ਵਿਚ ਗੋਦਾਵਰੀ ਦੇ ਕਿਨਾਰੇ ਆਪਣਾ ਆਸ਼ਰਮ ਬਣਾ ਕੇ ਰਹਿਣ ਲੱਗ ਪਿਆ। ਜਦ ਦਸਵੀਂ ਪਾਤਸ਼ਾਹੀ ਨੰਦੇੜ ਸਾਹਿਬ ਜਾਂਦੇ ਹਨ ਤਾਂ ਉਥੇ ਇਹਨਾਂ ਦਾ ਮਿਲਾਪ ਬੰਦਾ ਬਹਾਦਰ ਨਾਲ ਹੋਇਆ। ਗੁਰੂ ਸਾਹਿਬ ਜੀ ਦੇ ਉਪਦੇਸ਼ ਅਤੇ ਦਰਸ਼ਨਾਂ ਦਾ ਇਸ ਉੱਪਰ ਏਨਾ ਅਸਰ ਹੋਇਆ ਕਿ ਇਹ ਗੁਰੂ ਸਾਹਿਬ ਜੀ ਦੇ ਚਰਨੀਂ ਢਹਿ ਪਿਆ। ਗੁਰੂ ਸਾਹਿਬ ਜੀ ਨੇ ਇਹਨਾਂ ਨੂੰ ਅੰਮ੍ਰਿਤ ਛਕਾ ਕੇ ਇਹਨਾਂ ਦਾ ਨਾਮ ਗੁਰਬਖਸ਼ ਸਿੰਘ ਰੱਖਿਆ ਪਰ ਪੰਥ ਵਿਚ ਇਹਨਾਂ ਦਾ ਨਾਮ ਬੰਦਾ ਬਹਾਦਰ ਹੀ ਪ੍ਰਚੱਲਤ ਹੋਇਆ।

ਅਨੁਯਾਈ ਪਾਪੀਆਂ ਨੂੰ ਨੀਚ ਕਰਮਾਂ ਦਾ ਫਲ ਭੁਗਤਾਉਣ ਲਈ ਗੁਰੂ ਸਾਹਿਬ ਨੇ ਪੰਜ ਸਿੰਘ ਬਾਬਾ ਬਿਨੋਦ ਸਿੰਘ, ਬਾਬਾ ਕਾਨ੍ਹ ਸਿੰਘ, ਬਾਬਾ ਬਾਜ ਸਿੰਘ, ਬਾਬਾ ਬਿਜੈ ਸਿੰਘ ਅਤੇ ਬਾਬਾ ਰਾਮ ਸਿੰਘ ਨੂੰ ਇਹਨਾਂ ਨਾਲ ਪੰਜਾਬ ਭੇਜਿਆ। ਕੁਝ ਸਿੱਖਾਂ ਦੇ ਨਾਮ ਹੁਕਮ ਨਾਮੇ ਲਿਖ ਦਿੱਤੇ ਅਤੇ ਨਾਲ ਹੀ ਪੰਜ ਤੀਰ ਬਖਸ਼ ਕੇ ਇਹ ਉਪਦੇਸ਼ ਫਰਮਾਇਆ –

(1) ਜਤ ਰੱਖਣਾ (2) ਖ਼ਾਲਸੇ ਦੇ ਅਨੁਸਾਰੀ ਹੋ ਕੇ ਰਹਿਣਾ (3) ਆਪ ਨੂੰ ਗੁਰੂ ਨਹੀਂ ਮੰਨਣਾ (4) ਵਰਤਾ ਕੇ ਛਕਣਾ (5) ਅਨਾਥਾਂ ਦੀ ਸਹਾਇਤਾ ਕਰਨੀ।

ਪੰਜਾਬ ਪਹੁੰਚ ਕੇ ਬੰਦਾ ਬਹਾਦਰ ਨੇ ਗੁਰੂ ਸਾਹਿਬ ਦੇ ਹੁਕਮਾਂ ਦੀ ਤਾਮੀਲ ਕਰਦੇ ਹੋਏ ਜਿਨ੍ਹਾਂ-ਜਿਨ੍ਹਾਂ ਨੇ ਗੁਰੂ ਸਾਹਿਬ ਦੀ ਅਵੱਗਿਆ ਕੀਤੀ ਸੀ ਸਮੇਤ ਵਜ਼ੀਰ ਖਾਂ ਸੂਬੇਦਾਰ ਛੋਟੇ ਸਾਹਿਬਜ਼ਾਦਿਆਂ ਦੇ ਕੋਹਣ ਦੇ ਅਪਰਾਧਪੁਰ ਦੁਰਦਸ਼ਾ ਨਾਲ ਮਾਰਿਆ।

ਗੁਰਬਾਣੀ ਵਿਚ ਅੰਕਿਤ ਹੈ ਜੇ ਪ੍ਰਮਾਤਮਾ ਦੀ ਨਦਰ ਸਵੱਲੀ ਹੋ ਜਾਏ ਤਾਂ ਫਿਰ ਕੰਗਲੇ, ਪਿੰਗਲੇ ਦੇ ਭਾਗ ਵੀ ਜਾਗ ਪੈਂਦੇ ਹਨ।

**ਕਿਆ ਹੰਸ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥**
**ਜੋ ਤਿਸ ਭਾਵੈ ਨਾਨਕਾ ਕਾਗਹੁ ਹੰਸ ਕਰੇਇ ॥(ਅੰਗ-9)**

**ਮੂਲ ਲਿਖਤ : ਸ. ਪਾਲ ਸਿੰਘ**

**ਵੱਲੋਂ - ਪ੍ਰੀਤ ਮਹਿੰਦਰ ਸਿੰਘ (ਸੇਵਾ ਮੁਕਤ ਪ੍ਰਿੰਸੀਪਲ)**

# ਗੁਰ ਸਾਗਰ ਦੇ ਸੁੱਚੇ ਮੋਤੀ

**ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਆਪ ਜੀ ਦੀ ਮਹਾਂਪੁਰਖਾਂ ਤੇ ਇਤਨੀ ਸ਼ਰਧਾ ਸੀ ਕਿ ਆਪ ਜੀ ਜਦੋਂ ਕਦੇ ਚੌਧਰੀ ਸਾਹਿਬ ਨੂੰ ਮਿਲਣ ਵਾਸਤੇ ਆਉਣ ਤਾਂ ਚੌਧਰੀ ਸਾਹਿਬ ਆਪ ਜੀ ਦਾ ਬੜਾ ਸਤਿਕਾਰ ਕਰਦੇ ਸਨ। ਜਿਤਨਾ ਚਿਰ ਆਪ ਜੀ ਦੀ ਕਾਰ ਸਾਹਮਣੇ ਨਜ਼ਰ ਆਵੇ, ਉਤਨਾ ਚਿਰ ਕਾਰ ਵੱਲ ਚੌਧਰੀ ਸਾਹਿਬ ਪਿੱਠ ਨਹੀਂ ਸੀ ਕਰਦੇ, ਪਿੱਛਲ-ਖੁਰੀ ਚਲਦੇ ਸਨ। ਇਤਨਾ ਆਪ ਦਾ ਸਤਿਕਾਰ ਕਰਦੇ ਸਨ ਕਿ ਕਿਸੇ ਭੀ ਕੰਮ ਲਈ, ਜਦੋਂ ਭੀ, ਚੌਧਰੀ ਸਾਹਿਬ ਨੂੰ ਆਪ ਜੀ ਕੋਈ ਕੰਮ ਕਹਿੰਦੇ ਤਾਂ ਚੌਧਰੀ ਸਾਹਿਬ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਹੁਕਮ ਸਮਝ ਕੇ ਕਰਦੇ ਸਨ। ਜਿਸ ਦਾ ਕਿ ਦਾਸ ਨੂੰ ਜ਼ਾਤੀ ਤੌਰ 'ਤੇ ਪਤਾ ਹੈ। ਕਿਉਂਕਿ ਦਾਸ ਨੇ ਕਈ ਵੇਰ ਮਹਾਂਪੁਰਖਾਂ ਵੱਲੋਂ ਆਪ ਜਾ ਕੇ, ਉਨ੍ਹਾਂ ਦਾ ਜੋ ਹੁਕਮ ਹੁੰਦਾ ਸੀ, ਉਹ ਚੌਧਰੀ ਸਾਹਿਬ ਨੂੰ ਕਹਿਣਾ, ਉਹ ਉਸੇ ਵੇਲੇ ਝੱਟ ਪਟ ਆਪ ਜੀ ਦੇ ਹੁਕਮ ਦੀ ਤਾਮੀਲ ਕਰਦੇ ਸਨ।

ਪਾਕਿਸਤਾਨ ਦੇ ਬਣਨ ਪਿਛੋਂ ਪਹਿਲੀ ਵੇਰ ਬੱਸਾਂ ਰਾਹੀਂ ਸ੍ਰੀ ਪੰਜਾਂ ਸਾਹਿਬ ਦੀ ਯਾਤਰਾ ਕਰਨ ਲਈ ਜਦੋਂ ਸਾਡਾ ਜਥਾ ਗਿਆ ਤਾਂ ਗੁਜਰਾਤ ਡਾਕ ਬੰਗਲੇ ਸਾਡੇ ਜਥੇ ਦਾ ਸੁਆਗਤ ਕਰਨ ਲਈ ਬਹੁਤ ਸਾਰੇ ਮੁਸਲਮਾਨ ਇਕੱਠੇ ਹੋਏ। ਬੜਾ ਸ਼ਾਨਦਾਰ ਸੁਆਗਤ ਕੀਤਾ। ਕਈ ਸੱਜਣ ਮੈਨੂੰ ਜਾਣਦੇ ਸਨ। ਉਸੇ ਸਾਲ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਸਰੀਰ ਛੱਡਿਆ ਸੀ।

ਸ਼ਹਿਰ ਦੇ ਪਤਵੰਤਿਆਂ ਬੜਾ ਅਫਸੋਸ ਕੀਤਾ। ਕਹਿਣ ਲੱਗੇ ਕਿ ਮਹੰਤ ਸਾਹਿਬ ਸਾਡੇ ਜ਼ਿਲ੍ਹੇ ਗੁਜਰਾਤ ਦੇ ਥੰਮ੍ਹ ਸਨ। ਉਨ੍ਹਾਂ ਦੀ ਮੌਤ ਦਾ ਬਹੁਤ ਹੀ ਅਫ਼ਸੋਸ ਹੈ ਜਦੋਂ ਜਥਾ ਖਾਰੀਆਂ ਪੁੱਜਾ ਤਾਂ ਉਥੇ ਭੀ ਬਹੁਤ ਲੋਕਾਂ ਆਪ ਜੀ ਦਾ ਬੜੇ ਸੇਜਲ ਨੇਤਰਾਂ ਨਾਲ ਅਫ਼ਸੋਸ ਕੀਤਾ। ਚੌਧਰੀ ਫਜ਼ਲ ਅਲਾਹੀ ਦਾ ਪਰਿਵਾਰ (ਜਿਨ੍ਹਾਂ ਦਾ ਮੈਂ ਜ਼ਿਕਰ ਕਰ ਆਇਆ ਹਾਂ), ਉਨ੍ਹਾਂ ਦੇ ਭਰਾ ਨੇ ਭੁੱਬਾਂ ਮਾਰ-ਮਾਰ ਸਾਡੇ ਗੱਲ ਲੱਗ ਕੇ ਭਾਰੀ ਅਫ਼ਸੋਸ ਕੀਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਇਕ ਅਜਿਹੀ ਸਖ਼ਸ਼ੀਅਤ ਸਨ, ਜਿਨ੍ਹਾਂ ਦਾ ਸਤਿਕਾਰ ਮੁਸਲਮਾਨ, ਹਿੰਦੂ, ਸਿੱਖ ਸਾਰੇ ਕਰਦੇ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਵੀ ਸਾਰਿਆਂ ਦੇ ਕੰਮ ਕਰਕੇ ਬਹੁਤ ਖੁਸ਼ ਹੁੰਦੇ ਸਨ, ਇਸ ਲਈ ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਦਾ ਸਭ ਨੇ ਭਾਰੀ ਅਫ਼ਸੋਸ ਕੀਤਾ।

ਭਾਵੇਂ 1947 ਦੇ ਭਿਆਨਕ ਘੱਲੂਘਾਰੇ ਵਿਚ ਭਾਰੀ ਤਬਾਹੀ ਹੋਈ। ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ, ਸਿੱਖ, ਮੁਸਲਮਾਨ ਮਾਰੇ ਗਏ। ਕਿਸੇ ਵੱਲੋਂ ਭੀ ਬੇਦੋਸ਼ੇ ਲੋਕਾਂ ਨੂੰ ਮਾਰਨ ਦਾ ਫ਼ਰਕ ਨਾ ਰਿਹਾ ਅਤੇ ਪ੍ਰਮਾਤਮਾ ਦੀ ਪੈਦਾ ਕੀਤੀ ਜਨਤਾ ਤੇ ਇਕ ਤਰ੍ਹਾਂ ਨਾਲ ਭਾਰੀ ਕਹਿਰ ਵਰਤਿਆ (ਜੋ ਅੱਖੀਂ ਦੇਖਿਆ) ਅਤੇ ਮਹਾਂਪੁਰਖ ਬਾਬਾ ਪ੍ਰੇਮ ਸਿੰਘ ਜੀ ਦੇ ਡੇਰੇ ਮੁਰਾਲੇ ਭੀ ਕਈ ਸਿਰ-ਫਿਰਿਆਂ ਘੇਰਾ ਪਾਇਆ, ਪਰ ਆਪ ਜੀ ਦੀ ਸਖ਼ਸ਼ੀਅਤ ਦੇ ਪ੍ਰਭਾਵ ਕਾਰਨ ਅਤੇ ਪ੍ਰਮਾਤਮਾ ਦੀ ਮਹਾਨ ਕਿਰਪਾ ਨਾਲ ਆਪ ਜੀ ਉੱਤੇ ਵਾਰ ਕਰਨ ਦੀ ਜੁਰਅਤ ਨਾ ਕਰ ਸਕੇ ਤੇ ਆਪ ਸਹੀ ਸਲਾਮਤ ਆਪਣੇ ਸਾਥੀਆਂ ਸਮੇਤ ਇਧਰ ਹਿੰਦੁਸਤਾਨ ਆ ਗਏ। ਇਸ ਦਾ ਜ਼ਿਕਰ ਪਿਛੇ ਕਰ ਆਇਆ ਹਾਂ।

## ਦੀ ਟ੍ਰਿਬਿਊਨ, ਚੰਡੀਗੜ੍ਹ

ਮਹਾਨ ਸਖ਼ਸ਼ੀਅਤ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਮੌਤ ਪਿਛੋਂ ਲੁਬਾਣਾ ਬਰਾਦਰੀ ਵਿਚ ਹਾਹਾਕਾਰ ਪੈ ਜਾਣੀ ਤਾਂ ਕੁਦਰਤੀ ਸੀ, ਕਿਉਂਕਿ ਇਸ ਬਰਾਦਰੀ ਲਈ ਤਾਂ ਉਨ੍ਹਾਂ ਆਪਣਾ ਸਭ ਕੁਝ ਹੀ ਕੁਰਬਾਨ ਕਰ ਦਿੱਤਾ। ਇਹ ਆਮ ਤੌਰ ਤੇ ਦੇਖਣ ਵਿਚ ਆਇਆ ਹੈ ਕਿ ਮਨੁੱਖ ਦੇ ਇਸ ਸੰਸਾਰ ਤੋਂ ਚਲੇ ਜਾਣ ਪਿਛੋਂ ਉਸ ਦੇ ਗੁਣ ਅਤੇ ਔਗੁਣ ਉਘੜ ਕੇ ਸਾਹਮਣੇ ਆ ਜਾਂਦੇ ਹਨ। ਪਰ ਕਈ ਵਿਅਕਤੀ ਅਜਿਹੇ ਭੀ ਹੁੰਦੇ ਹਨ, ਜਿਨ੍ਹਾਂ ਦੇ ਗੁਣ ਉਨ੍ਹਾਂ ਦੇ ਸਰੀਰ ਤਿਆਗ ਜਾਣ ਪਿਛੋਂ ਵਿਸ਼ੇਸ਼ ਕਰਕੇ ਪ੍ਰਗਟ ਹੁੰਦੇ ਹਨ। ਜਦੋਂ ਉਨ੍ਹਾਂ ਦੀ ਥਾਂ ਪੂਰੀ ਕਰਨ ਵਾਲਾ ਕੋਈ ਨਾ ਹੋਵੇ, ਉਦੋਂ ਬਾਰ-ਬਾਰ ਉਨ੍ਹਾਂ ਦੀ ਯਾਦ ਆਉਂਦੀ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਭੀ ਇਕ ਅਜਿਹੇ ਸਤਿਕਾਰਯੋਗ ਵਿਅਕਤੀ ਸਨ, ਜਿਨ੍ਹਾਂ ਦੀ ਥਾਂ ਪੂਰੀ ਹੋਣੀ ਕਠਨ ਹੈ। ਜਿਨ੍ਹਾਂ ਦੇ ਗੁਣਾਂ ਦਾ ਪ੍ਰਗਟਾਵਾ ਟ੍ਰਿਬਿਊਨ ਦੇ 6 ਜੂਨ, 1950 ਦੇ ਪਰਚੇ ਵਿਚ ਉਸ ਦੇ ਸਤਿਕਾਰਯੋਗ ਐਡੀਟਰ ਨੇ ਇਸ ਤਰ੍ਹਾਂ ਕੀਤਾ ਹੈ -

ਮਹੰਤ ਪ੍ਰੇਮ ਸਿੰਘ ਜੀ ਇਕ ਸਿੱਧੇ-ਸਾਦੇ ਪੁਰਸ਼ ਸਨ। ਜਿਨ੍ਹਾਂ ਵਿਚ ਕੋਈ ਹੰਕਾਰ ਵਾਲੀ ਗੱਲ ਨਹੀਂ ਸੀ। ਬਤੌਰ ਐਮ.ਐਲ.ਏ. ਉਹ ਭਾਵੇਂ ਕਦੇ ਵੀ ਅਸੈਂਬਲੀ ਵਿਚ ਬੋਲੇ ਨਹੀਂ ਸਨ, ਪਰ ਫਿਰ ਵੀ ਉਹ ਉਨ੍ਹਾਂ ਵਿਚੋਂ ਸਨ, ਜਿਹੜੇ ਕਿ ਹਮੇਸ਼ਾ ਹੀ ਆਪਣਾ ਇਲਾਕੇ ਲਈ ਸਰਕਾਰ ਨੂੰ ਜ਼ੋਰਦਾਰ ਪ੍ਰੇਰਨਾ ਕਰਦੇ ਰਹਿੰਦੇ ਸਨ। ਇਕ ਮਹੰਤ ਦੇ ਰੂਪ ਵਿਚ ਉਹ ਆਪਣੀ ਲੁਬਾਣਾ ਬਰਾਦਰੀ ਦੇ ਧਾਰਮਿਕ ਆਗੂ ਅਤੇ ਸਿਆਸੀ ਨੇਤਾ ਸਨ। ਉਹ ਅਪ੍ਰੈਲ 1937 ਈ. ਤੋਂ ਅਸੈਂਬਲੀ ਵਿਚ ਆਪਣੀ ਬਰਾਦਰੀ ਦੇ ਨੁਮਾਇੰਦੇ ਚਲੇ ਆ ਰਹੇ ਸਨ। ਉਨ੍ਹਾਂ ਦੀਆਂ ਵਿਦਿਅਕ ਖੇਤਰ ਵਿਚ ਸੇਵਾਵਾਂ ਬੜੀਆਂ ਸ਼ਲਾਘਾਯੋਗ ਹਨ। ਇਨ੍ਹਾਂ ਨੇ ਪੰਜਾਬ ਦੇ ਪਿਛੜੇ ਜ਼ਿਲ੍ਹਿਆਂ, ਜਿਵੇਂ ਕਿ ਗੁਜਰਾਤ, ਮੁਲਤਾਨ ਅਤੇ ਸ਼ੇਖੂਪੁਰਾ ਵਿਚ ਕਈ ਹਾਈ ਸਕੂਲ ਖੋਹਲੇ, ਜਿਨ੍ਹਾਂ ਵਿਚ ਬਗੈਰ ਕਿਸੇ ਜਾਤ-ਪਾਤ ਦੇ ਭੇਦ ਤੋਂ ਲੋੜਵੰਦ ਅਤੇ ਗਰੀਬ ਬੱਚਿਆਂ ਨੂੰ ਮੁਫ਼ਤ ਵਿਦਿਆ ਦਿੱਤੀ ਜਾਂਦੀ ਸੀ। ਇਨ੍ਹਾਂ ਨੇ ਕੁੜੀਆਂ ਦੀ ਵਿਦਿਆ ਵੱਲ ਵੀ ਧਿਆਨ ਦਿੱਤਾ ਅਤੇ ਇਨ੍ਹਾਂ ਲਈ ਦੋ ਮਿਡਲ ਸਕੂਲ ਖੋਹਲੇ।

**(ਚਲਦਾ)**

*****

# ‘ਸੰਦਲੀ ਪੌਣਾਂ ਝੂਲਦੀਆਂ, ਜਿੱਥੇ ਨਾਰੀ ਦਾ ਸਨਮਾਨ’

ਨਾਰੀ ਦਾ ਨਾਂ ਲੈਂਦਿਆਂ ਹੀ, ਤਿਆਗ, ਸਹਿਣਸ਼ੀਲਤਾ ਅਤੇ ਬਲੀਦਾਨ ਦੀ ਤਸਵੀਰ ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਆਪਣੇ ਬੱਚਿਆਂ ਲਈ ਮਮਤਾ, ਪਤੀ ਲਈ ਚਰਿੱਤਰਵਾਨ, ਸਮਾਜ ਲਈ ਦਇਆਵਾਨ ਅਤੇ ਜੀਵਾਂ ਪ੍ਰਤੀ ਵੀ ਰਹਿਮ ਦੀ ਭਾਵਨਾ ਰੱਖਣ ਵਾਲੀ ਮਹਾਂਸ਼ਕਤੀ ਦਾ ਨਾਂ ਨਾਰੀ ਹੈ। ਔਰਤ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਨਾਨਕ ਸਿੰਘ ਲਿਖਦਾ ਹੈ - “ਓ ਇਸਤਰੀ ! ਤੂੰ ਏਡੀ ਉੱਚਤਾ, ਏਡੀ ਵਿਸ਼ਾਲਤਾ ਕਿੱਥੋਂ ਪ੍ਰਾਪਤ ਕਰ ਲਈ? ਸਹਿਣਸ਼ੀਲਤਾ ਦੇ ਸੋਮੇ ਤੇਰੇ ਅੰਦਰ, ਮਮਤਾ ਦੀਆਂ ਕਾਂਗਾਂ ਤੇਰੇ ਵਿਚ, ਤਿਆਗ ਦੇ ਅਟੁੱਟ ਪਹਾੜ ਤੇਰੇ ਵਿਚ, ਪਿਆਰ ਦੇ ਅਥਾਹ ਸਮੁੰਦਰ ਤੇਰੇ ਵਿਚ। ਇਹ ਸਭ ਕੁਝ, ਹੇ ਇਸਤਰੀ ! ਤੂੰ ਕਿੱਥੋਂ ਪ੍ਰਾਪਤ ਕਰ ਲਿਆ? (‘ਅਧ-ਖਿੜਿਆ ਫੁੱਲ ’ ਵਿਚੋਂ) ਗੱਲ ਕੀ, ਔਰਤ ਕੁਦਰਤ ਦਾ ਇਕ ਅਜਿਹਾ ਅਦਭੁੱਤ ਤੇ ਰਹੱਸਮਈ ਕਰਿਸ਼ਮਾ ਹੈ, ਜੋ ਆਦਿ-ਕਾਲ ਤੋਂ ਹੀ ਜੀਵਨ ਦਾ ਅੰਮ੍ਰਿਤ ਦਿੰਦਾ ਆ ਰਿਹਾ ਹੈ। ਸੱਚਮੁੱਚ ਹੀ, ਔਰਤ, ਇਕ ਤਰ੍ਹਾਂ ਨਾਲ, ਸਾਰੇ ਸੰਸਾਰ ਦਾ ਭਾਰ ਆਪਣੇ ਨਾਜ਼ੁਕ ਮੋਢਿਆਂ ਉੱਤੇ ਚੁੱਕੀ ਫਿਰਦੀ ਹੈ। ਇੰਜ ਜਾਪਦਾ ਹੈ ਜਿਵੇਂ ਧਰਤੀ, ਬਲਦ ਦਿਆਂ ਸਿੰਙਾਂ ਤੋਂ ਆਪਣਾ ਸਥਾਨ ਬਦਲ ਕੇ ਔਰਤ ਦਿਆਂ ਮੋਢਿਆਂ ’ਤੇ ਆ ਟਿਕੀ ਹੋਵੇ ! ਦੂਜੇ ਬੰਨੇ, ਮਰਦ ਜਨਮ ਤੋਂ ਲੈ ਕੇ ਮਰਨ ਤੱਕ ਹਰ ਕੰਮ ਲਈ ਔਰਤ ’ਤੇ ਨਿਰਭਰ ਕਰਦਾ ਹੈ, ਕਦੇ ਮਾਂ, ਕਦੇ ਭੈਣ ਤੇ ਕਦੇ ਪਤਨੀ ਦੇ ਰੂਪ ਵਿਚ। ਇਸ ਤਰ੍ਹਾਂ ਔਰਤ, ਮਰਦ ਨੂੰ ‘ਰੱਬ’ ਵੱਲੋਂ ਦਿੱਤੀ ਸਭ ਤੋਂ ਸ਼੍ਰੇਸ਼ਠ ਸੌਗਾਤ ਹੈ।

ਸੋ, ਕਿਹਾ ਜਾ ਸਕਦਾ ਹੈ ਕਿ ਔਰਤ ਸੰਸਾਰ ਰੂਪੀ ਬਾਗ਼ ਵਿਚ ਸਭ ਤੋਂ ਉੱਤਮ ਫੁੱਲ ਹੈ। ਇਹ ਸੰਸਾਰ ਕਦੇ ਏਨਾ ਖ਼ੂਬਸੂਰਤ ਤੇ ਦਿਲਕਸ਼ ਨਾ ਹੁੰਦਾ ਜੇ ਇਸ ਵਿਚ ਔਰਤ ਨਾ ਹੁੰਦੀ, ਕਿਉਂਕਿ :

**ਧਰਤੀ ’ਤੇ, ਜੋ ਕੁਝ ਸੋਹਣਾ ਹੈ**
**ਉਸ ਦੇ ਪਿੱਛੇ ਨਾਰ ਅਵੱਸ਼ ਹੈ**
**ਜੋ ਕੁਝ ਕਿਸੇ ਮਹਾਨ ਹੈ ਰਚਿਆ**
**ਉਸ ਵਿਚ ਨਾਰੀ ਦਾ ਹੀ ਹੱਥ ਹੈ**

(**ਸ਼ਿਵ ਕੁਮਾਰ ਬਟਾਲਵੀ**, **‘ਲੂਣਾ’**)

ਸੱਚਮੁੱਚ ਹੀ, “ਵਜੂਦੇ ਜ਼ਨ ਸੇ ਹੈ ਤਸਵੀਰ ਕਾਇਨਾਤ ਮੈਂ ਰੰਗ।”- ਇਕਬਾਲ। ਪਰ ਇਸ ਸਭ ਕੁਝ ਦੇ ਬਾਵਜੂਦ ਔਰਤ ਜਨਮ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੋ ਜਾਂਦੀ ਹੈ। ਘਰ ਤੇ ਸਮਾਜ ਵਿੱਚ ਉਸ ਦਾ ਸਥਾਨ ਮਰਦਾਂ ਨਾਲੋਂ ਕਿਤੇ ਨੀਵਾਂ ਮੰਨਿਆ ਜਾਂਦਾ ਹੈ। ਉਸ ਦੀ ਪ੍ਰਵਰਿਸ਼ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਉਸ ਦੇ ਮਨ ਅੰਦਰ ਸੁਤੰਤਰ ਰਾਹ ਉਤੇ ਤੁਰਨ ਦੀ ਲਾਲਸਾ ਨਾ ਜਾਗੇ। ਅਜੀਤ ਕੌਰ, ਜਿਸ ਨੇ ਔਰਤ ਦੀ ਵੇਦਨਾ ਨੂੰ ਆਪਣੀਆਂ ਬਹੁਤੀਆਂ ਲਿਖਤਾਂ ਵਿੱਚ ਕੇਂਦਰ-ਬਿੰਦੂ ਬਣਾਇਆ ਹੈ, ‘ਖਾਨਾਬਦੋਸ਼’ ਵਿੱਚ ਲਿਖਦੀ ਹੈ:-

ਗੁਨਾਹਿ ਅੱਵਲ-ਔਰਤ ਹੋਣਾ

ਗੁਨਾਹਿ ਦੋਮ-ਇਕੱਲੀ ਔਰਤ

ਗੁਨਾਹਿ ਸੋਮ-ਇਕੱਲੀ ਤੇ ਆਪਣੀ ਰੋਟੀ ਆਪ ਕਮਾਂਦੀ ਔਰਤ

ਗੁਨਾਹਿ ਅਜ਼ੀਮ-ਤਰੀਨ-ਆਪਣੀ ਰੋਟੀ ਆਪ ਕਮਾਂਦੀ, ਜ਼ਹੀਨ, ਖ਼ੁਦਦਾਰ, ਇਕੱਲੀ, ਔਰਤ ਇਸ ਦੇਵਤਿਆਂ ਦੇ ਮੁਲਕ ਹਿੰਦੁਸਤਾਨ ਵਿੱਚ।

ਔਰਤ ਪ੍ਰਤੀ ਮਰਦ ਦੀ ਨਾਕਾਰਮਕ ਸੋਚ ਦੀਆਂ ਜੜ੍ਹਾਂ ਸਾਡੇ ਸਮਾਜ ਵਿੱਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਪ੍ਰਾਚੀਨ ਸਾਹਿਤ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਨਾਥ-ਜੋਗੀਆਂ ਨੇ ਔਰਤ ਜਾਤੀ ਨੂੰ ‘ਬੁਰੇ ਦੀ ਹੱਦ ਤੱਕ’ ਭੰਡਿਆ ਹੈ। ਪਰ ਔਰਤ ਦੇ ਅਕਸ ਨੂੰ ਵਿਗਾੜਨ ਵਿੱਚ ਮਨੂੰ ਮਹਾਰਾਜ ਨੇ ਮੋਹਰੀ ਰੋਲ ਅਦਾ ਕੀਤਾ ਹੈ। ਮਨੂੰ ਰਚਿਤ ਗ੍ਰੰਥ, ਜਿਸ ਨੂੰ ‘ਮਨੂੰ ਸਿਮ੍ਰਤੀ’ ਕਿਹਾ ਜਾਂਦਾ ਹੈ, ਔਰਤ ਲਈ ਤਾਂ ‘ਜ਼ਹਿਰ ਦੀ ਗੰਦਲ’ ਹੈ। ਮਿਸਾਲ ਵਜੋਂ, ਮਨੂੰ ਆਪਣੇ ਗ੍ਰੰਥ ਵਿੱਚ ਲਿਖਦਾ ਹੈ ਕਿ ਵਿਆਹ ਤੋਂ ਬਾਅਦ ਇਸਤਰੀ ਤੇ ਏਨਾ ਭਾਰ ਪਾ ਦਿਓ ਕਿ ਉਸਨੂੰ ਕੁਝ ਸੁੱਝੇ ਹੀ ਨਾਹ। ਉਸ਼ ਦਾ ਕੰਮ ਪਤੀ ਦੀ ਸੇਵਾ ਕਰਨਾ, ਬੱਚੇ ਜੰਮਣਾ, ਕੱਪੜੇ ਧੋਣਾ, ਰੋਟੀ ਪਕਾਉਣਾ, ਭਾਂਡੇ ਮਾਂਜਣਾ ਆਦਿ ਹੈ। ਦੂਜੇ ਪਾਸੇ ਮਨੂੰ ਮਹਾਰਾਜ ਨੇ ਮਰਦ ਨੂੰ ਖੂਬ ਖੁੱਲ੍ਹਾਂ ਬਖਸ਼ੀਆਂ ਹਨ। ਮਿਸਾਲ ਵਜੋਂ ਮਨੂੰ ਕਹਿੰਦਾ ਹੈ ਕਿ ਜੇ ਪਤਨੀ ਮਰ ਜਾਵੇ ਤਾਂ ਪਤੀ ਨੂੰ ਚਾਹੀਦਾ ਹੈ ਕਿ ਪਤਨੀ ਨੂੰ ਅੱਗ ਦੀ ਭੇਟ ਕਰ ਦੇਣ ਤੋਂ ਬਾਅਦ ਦੂਜਾ ਵਿਆਹ ਕਰ ਲਵੇ ਤੇ ਉਸ ਨੂੰ ਗਰਭ-ਯੋਗ ਬਣਾਉਣ ਵਿੱਚ ਮਸਤ ਹੋ ਜਾਵੇ। ਇਸ ਦੇ ਉਲਟ, ਵਿਧਵਾ ਲਈ ਹਦਾਇਤ ਹੈ ਕਿ ਉਹ ਪਰਾਏ ਪੁਰਸ਼ ਦਾ ਕਦੇ ਨਾਂ ਵੀ ਨਾ ਲਵੇ।

ਜ਼ਾਹਿਰ ਹੈ, ਔਰਤ ਤੇ ਮਰਦ ਲਈ ਦੋ ਵੱਖਰੀ ਕਿਸਮ ਦੇ ਇਖਲਾਕੀ ਕਾਨੂੰਨ ਹਨ, ਦੋ ਵੱਖਰੀ ਕਿਸਮ ਦੀਆਂ ਇਖਲਾਕੀ ਕਦਰਾਂ-ਕੀਮਤਾਂ ਹਨ, ਜਿਨ੍ਹਾਂ ਤਹਿਤ ਔਰਤ ਦੀ ਹਰ ਗੱਲ ਦਾ ਫੈਸਲਾ ਮਰਦ ਨੇ ਕਰਨਾ ਹੁੰਦਾ ਹੈ। ਹੌਲੀ ਹੌਲੀ ਗੱਲ ਇੱਥੇ ਤੱਕ ਅੱਪੜ ਗਈ ਕਿ ‘ਜ਼ਰ, ਜੋਰੂ ਤੇ ਜ਼ਮੀਨ’ ਨੂੰ ਇਕੋ ਨਜ਼ਰ ਨਾਲ ਵੇਖਿਆ ਜਾਣ ਲਗਾ ਪਿਆ। ਗੱਲ ਕੀ, ਮਨੂੰ ਨੇ ਔਰਤ ਨੂੰ ਇੱਕ ਨਿਰਜਿੰਦ ਵਸਤੂ ਬਣਾ ਦਿੱਤਾ; ਬੱਸ ਭੋਗਣ ਦੀ ਇੱਕ ਵਸਤੂ। ਹੈਰਾਨੀ ਦੀ ਗੱਲ ਹੈ ਕਿ ਸਾਡੇ ਲਈ ਉੱਚ ਰੁਤਬੇ ਵਾਲੇ ਧਾਰਮਿਕ ਰਹਿਬਰਾਂ ਨੇ ਵੀ ਔਰਤ ਪ੍ਰਤੀ ਘਟੀਆ ਸੋਚ ਦਾ ਪਸਾਰਾ ਕੀਤਾ ਹੈ। ਅਫਸੋਸ ਦੀ ਗੱਲ ਹੈ ਕਿ ਸਾਡੇ ਧਾਰਮਿਕ ਤੇ ਸਿਆਸੀ ਆਗੂ ਇਸ ਪੱਖੋਂ ਹੁਣ ਤੱਕ ਅਵੇਸਲੇ ਹੀ ਰਹੇ ਹਨ।

ਮਰਦ ਪ੍ਰਧਾਨ ਸਮਾਜ ਦੀ ਹਮੇਸ਼ਾ ਇਹੋ ਨੀਤੀ ਰਹੀ ਹੈ ਕਿ ਇਸਤਰੀ ਦੇ ਸੁਭਾਅ ਨੂੰ ਆਪਣੇ ਸਵਾਰਥ ਅਨੁਸਾਰ ਢਾਲਿਆ ਜਾਵੇ। ਇਸੇ ਕੁਟਲ ਨੀਤੀ ਤਹਿਤ ਮਰਦ ਨੇ ਇਸਤਰੀ ਦੇ ਸੁਭਾਅ ਬਾਰੇ ਇਹ ਢਕੌਂਸਲਾ ਘੜ੍ਹ ਲਿਆ ਹੈ ਕਿ “ਇਸਤਰੀ ਨੂੰ ਕੁਦਰਤ ਨੇ ਕੁਝ ਇਸ

ਤਰ੍ਹਾਂ ਬਣਾਇਆ ਹੈ ਕਿ ਉਹ ਆਪਣੀ ਜ਼ਿੰਦਗੀ ਵਿੱਚ ਕੇਵਲ ਇੱਕ ਨਾਲ ਪਿਆਰ ਕਰਦੀ ਹੈ ਅਤੇ ਉਸ ਉਤੇ ਆਪਣੀ ਜਾਨ ਨਿਛਾਵਰ ਕਰ ਦਿੰਦੀ ਹੈ।" ਅਤੇ ਪੁਰਸ਼ ਦੇ ਸੁਭਾਅ ਬਾਰੇ ਮਰਦ ਦਾ ਕਹਿਣਾ ਹੈ ਕਿ "ਪੁਰਸ਼ ਦੇ ਸੁਭਾਅ ਵਿੱਚ ਵੰਨ-ਸੁਵੰਨਤਾ ਹੈ। ਉਹ ਇੱਕ ਤੋਂ ਵੱਧ ਪਤਨੀਆਂ ਦੀ ਲਾਲਸਾ ਰੱਖਦਾ ਹੈ ਤੇ ਹਰ ਵੇਲੇ ਨਵੀਂ ਇਸਤਰੀ ਵੱਲ ਰੁਚਿਤ ਰਹਿੰਦਾ ਹੈ।" ਚਲੋ ! ਮੰਨ ਲੈਂਦੇ ਹਾਂ। ਪਰ ਹਰ ਇਸਤਰੀ, ਮਹੀਨੇ ਦੇ ਕੁਝ ਖਾਸ ਦਿਨਾਂ ਦੌਰਾਨ ਵਾਰ ਵਾਰ ਇੱਕ ਮਰਦ ਦਾ ਸਾਥ ਲੋਚਦੀ ਹੈ ਅਤੇ ਉਹ ਮਰਦ ਕੋਈ ਵੀ ਹੋ ਸਕਦਾ ਹੈ, ਜਿਹੜਾ ਉਸ ਨੂੰ ਉਸ ਅਰਸੇ ਦੌਰਾਨ ਟੱਕਰ ਜਾਵੇ। ਪਰ ਭਾਰਤੀ ਨਾਰੀ ਇਸਤਰੀ ਕਾਮ-ਵੇਗ ਵਿੱਚ ਮਰਦ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਪਰ ਉਹ ਝਿਜਕਦੀ ਹੈ, ਸੰਕੋਚ ਕਰਦੀ ਹੈ, ਕਿਉਂਕਿ ਉਹ ਇੱਕ ਭਾਰਤੀ ਨਾਰੀ ਹੈ।

ਦਰਅਸਲ, ਭਾਰਤੀ ਸਮਾਜ ਵਿੱਚ ਔਰਤ ਲਈ ਥਾਂ-ਥਾਂ 'ਤੇ ਬੰਦਿਸ਼ਾਂ ਹਨ। ਇੱਥੋਂ ਤੱਕ ਕਿ ਉਸ ਦੇ ਹੱਸਣ 'ਤੇ ਵੀ ਜੰਦਰੇ ਲੱਗੇ ਹੋਏ ਹਨ ਅਤੇ ਰੋਣ 'ਤੇ ਵੀ ਪਾਬੰਦੀਆਂ ਆਇਦ ਹਨ (ਜੇ ਉਹ ਰੋਂਦੀ ਹੈ ਤਾਂ ਕਹਿੰਦੇ ਹਨ ਕਿ ਚਲਿੱਤਰ ਕਰਦੀ ਹੈ।) ਸਭ ਤੋਂ ਵਧ ਕੇ ਬਲਾਤਕਾਰ ਤੇ ਖਤਰੇ ਦੀ ਤਲਵਾਰ ਹਰ ਵੇਲੇ ਔਰਤ ਦੇ ਸਿਰ 'ਤੇ ਲਟਕਦੀ ਰਹਿੰਦੀ ਹੈ। ਔਰਤ ਦੇ ਹੋ ਰਹੇ ਸ਼ੋਸ਼ਣ ਸਬੰਧੀ ਦਲੀਪ ਕੌਰ ਟਿਵਾਣਾ ਦਾ ਕਹਿਣਾ ਹੈ ਕਿ "ਕਾਰੋਬਾਰੀ ਥਾਵਾਂ ਉਤੇ ਔਰਤ ਦਾ ਸ਼ੋਸ਼ਣ ਹਰੇਕ ਪੱਧਰ 'ਤੇ ਹੋ ਰਿਹਾ ਹੈ। ਕੁਝ ਨੂੰ ਨੌਕਰੀ ਹਾਸਲ ਕਰਨ ਲਈ ਤੇ ਫਿਰ ਕੁਝ ਨੂੰ ਆਪਣੀ ਨੌਕਰੀ ਬਚਾਉਣ ਲਈ 'ਗਲਤ ਕੰਮ' ਕਰਨੇ ਪੈਂਦੇ ਹਨ।" ਦੂਜਾ, ਔਰਤ ਚਾਹੇ ਕੰਮਕਾਰੀ ਹੋਵੇ ਜਾਂ ਘਰੇਲੂ, ਤਸ਼ੱਦਦ ਤੇ ਸ਼ੋਸ਼ਣ ਹਰ ਜਗ੍ਹਾ ਹੈ। ਜੇ ਉਹ ਆਪਣੇ ਪਤੀ ਦੀ ਕਿਸੇ ਗੱਲ ਦਾ ਵਿਰੋਧ ਕਰਦੀ ਹੈ ਤਾਂ ਪਤੀ 'ਪ੍ਰਮੇਸ਼ਰ' ਉਸਦੇ ਵਿੰਗ-ਵਲ ਕੱਢਣ ਲਈ ਡੰਡੋਰਕਾ ਚੁੱਕ ਕੇ, ਇੱਕ ਗੀਤ ਦੀ ਜ਼ੁਬਾਨੀ ਇਉਂ ਲਲਕਾਰਦਾ ਹੈ : "ਕਰਦੂੰ ਗਜ ਵਰਗੀ, ਜੇ ਮੁੜਕੇ ਬਰਾਬਰ ਬੋਲੀ।" ਇਵੇਂ ਹੀ ਜਵਾਨ ਵਿਧਵਾ ਦੀਆਂ ਆਪਣੀਆਂ ਮਜਬੂਰੀਆਂ ਹਨ। ਵਿਧਵਾ ਨੂੰ ਕਟੀ ਪਤੰਗ ਸਮਝਿਆ ਜਾਂਦਾ ਹੈ, ਜਿਸ ਦੀ ਡੋਰ ਲੁੱਟਣ ਲਈ ਕਈ ਮਰਦ (ਮੁਸਟੰਡੇ) ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਇਹ ਵੀ ਇੱਕ ਸੱਚਾਈ ਹੈ ਕਿ ਜੇ ਪਤੀ ਮਰ ਜਾਵੇ ਤਾਂ ਪਤਨੀ ਸਾਰੀ ਉਮਰ ਇਕੱਲੀ ਰਹਿ ਕੇ ਔਲਾਦ ਨੂੰ ਸਾਂਭਦੀ ਹੈ, ਜਦੋਂ ਕਿ ਮਰਦ, ਆਮ ਤੌਰ 'ਤੇ ਚਾਲਾਕ, ਮੱਕਾਰ ਤੇ ਮੌਕਾਪ੍ਰਸਤ ਹੁੰਦੇ ਹਨ (ਜੇ ਪਤਨੀ ਕਿਸੇ ਗੰਭੀਰ ਰੋਗ ਤੋਂ ਪੀੜਤ ਹੋਵੇ ਤਾਂ ਪਤੀ ਦੇਵ ਕਈ ਵਾਰ ਐਡਵਾਂਸ ਬੁਕਿੰਗ ਵੀ ਕਰਵਾ ਕੇ ਰੱਖਦਾ ਹੈ)।

ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਔਰਤ ਲਈ ਪੈਰ-ਪੈਰ 'ਤੇ ਰੋਣ ਦਾ ਮੁਕਾਮ ਹੈ, ਜਿਵੇਂ ਉਹ ਧੁਰੋਂ ਹੀ ਇਹ ਲੇਖ ਲਿਖਵਾ ਕੇ ਲਿਆਈ ਹੋਵੇ। ਵਿਆਹ ਤੋਂ ਪਹਿਲਾਂ ਵੀ ਉਹ ਜ਼ੰਜੀਰਾਂ ਵਿੱਚ ਜਕੜੀ ਹੋਈ ਹੈ ਅਤੇ ਵਿਆਹ ਤੋਂ ਬਾਅਦ ਵੀ। ਸੁਰਜੀਤ ਪਾਤਰ ਦੀਆਂ ਸਤਰਾਂ ਹਨ :-

**ਇੱਕ ਕੈਦ 'ਚੋਂ ਦੂਜੀ ਕੈਦ 'ਚ ਪਹੁੰਚ ਗਈ ਹੈ,**
**ਕੀ ਖੱਟਿਆ ਵਟਣਾ ਮਲਕੇ, ਮਹਿੰਦੀ ਲਾਕੇ।**

ਸੱਚ ਤਾਂ ਇਹ ਹੈ ਕਿ 'ਏਸ ਦੇਸ਼ ਦੀ ਹਰ ਧੀ ਦਾ ਮਸਤਕ ਖੋਟਾ ਹੈ।' ਅਜਿਹੇ ਮੰਦਭਾਗੀ ਹਾਲਾਤ ਨਾਲ ਜੂਝ ਰਹੀ ਔਰਤ, ਅਕਸਰ ਆਪਣੇ ਦਰਦ ਨੂੰ ਇੱਕ ਟਿੱਸ-ਟਿੱਸ ਕਰਦੇ ਫੋੜੇ ਵਾਂਗੂੰ ਬੋਚ ਕੇ ਰੱਖਦੀ ਹੈ, "ਜਿਵੇਂ ਕਬੂਤਰ ਤੀਰ ਖਾ ਕੇ ਜ਼ਖਮਾਂ ਨੂੰ ਖੰਭਾਂ ਹੇਠ ਛਿਪਾ ਰੱਖਦਾ ਹੈ, ਤਿਵੇਂ ਇਸਤਰੀ ਆਪਣੇ ਦਿਲ ਵਿੱਚ ਕਿਤਨੇ ਹੀ ਦਰਦ ਛੁਪਾਈ ਰੱਖਦੀ ਹੈ।'-ਵੇਦਵਿਆਸ। ਪਰ ਇਹ ਕਹਿਣਾ ਸ਼ਾਇਦ ਸੱਚ ਦੇ ਜ਼ਿਆਦਾ ਕਰੀਬ ਹੋਵੇਗਾ ਕਿ :-

**ਨਾਰੀ ਨਾਮ ਇੱਕ ਐਸੇ ਅਹਿਸਾਸ ਦਾ ਹੈ,**
**ਜਿਵੇਂ ਜ਼ਖਮ 'ਚ ਪੀੜ ਹੈ ਘੁਲੀ ਰਹਿੰਦੀ।**

**-ਸ਼ਿਵ ਕੁਮਾਰ ਬਟਾਲਵੀ।**

ਦੂਜੇ ਪਾਸੇ, ਸੁਤੰਤਰ ਤੇ ਸਵੈਮਾਨੀ ਮਰਦ ਕਿਸੇ ਕੋਲੋਂ ਨਹੀਂ ਡਰਦਾ ਅਤੇ ਨਾ ਹੀ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੈ। ਸਾਡੇ ਸ਼ਾਸਤਰਾਂ ਅਨੁਸਾਰ ਇਸਤਰੀ, ਪੁਰਸ਼ ਦੀ ਅਰਧਾਂਗਨੀ (ਅੱਧਾ ਅੰਗ ਹੈ) ਪਰ ਮਰਦ ਵੱਲੋਂ ਇਸਤਰੀ ਨੂੰ ਕਦੇ ਵੀ ਬਰਾਬਰ ਦਾ ਅੱਧ ਨਹੀਂ ਸਮਝਿਆ ਗਿਆ।

ਪੰਜ ਸਦੀਆਂ ਪਹਿਲਾਂ, ਅੱਜ ਨਾਲੋਂ ਕਿਤੇ ਵੱਧ ਔਰਤ ਵਿਰੋਧੀ ਵਾਤਾਵਰਣ ਸੀ। ਉਦੋਂ ਬਾਬਾ ਨਾਨਕ ਨੇ ਸਮਾਜ ਨੂੰ ਸਾਹਮਣਿਓਂ ਲਲਕਾਰਿਆਂ ਅਤੇ ਤੜਪਦੀ ਔਰਤ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਇਸ ਕ੍ਰਾਂਤੀਕਾਰੀ ਕਦਮ ਨੂੰ ਅੱਗੇ ਤੋਰਦਿਆਂ, ਗੁਰੂ ਅਮਰ ਦਾਸ ਨੇ ਸਤੀ ਪ੍ਰਥਾ ਵਿਰੁੱਧ ਆਵਾਜ਼ ਉਠਾਈ। ਗੁਰੂ ਗੋਬਿੰਦ ਸਿੰਘ ਨੇ ਮਾਤਾ ਸਾਹਿਬ ਦੇਵਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਬਖਸ਼ਿਆ। ਇਸ ਤਰ੍ਹਾਂ ਗੁਰੂ ਸਾਹਿਬਾਨ ਨੇ ਸਦੀਆਂ ਤੋਂ ਬੰਦੀ ਬਣਾਈ ਔਰਤ ਨੂੰ ਇੱਕ ਤਰ੍ਹਾਂ ਨਾਲ ਆਜ਼ਾਦ ਕਰ ਦਿੱਤਾ।

ਔਰਤ ਨੂੰ ਬੇਵਫ਼ਾ, ਝੂਠੀ ਤੇ ਧੋਖੇਬਾਜ਼ ਕਹਿਣ ਵਾਲਿਓ, ਜ਼ਰਾ ਆਪਣੇ ਅੰਦਰ ਝਾਤੀ ਮਾਰ ਕੇ ਵੇਖੋ ਕਿ ਤੁਸੀਂ ਕਿੰਨੇ ਕੁ ਸੱਚੇ-ਸੁੱਚੇ ਹੋ ! ਸੱਚ ਤਾਂ ਇਹ ਹੈ ਕਿ "ਅਸੀਂ ਰੱਬ ਤੋਂ ਉਤਰਕੇ ਔਰਤ ਦੇ ਦੇਣਦਾਰ ਹਾਂ, ਜਿਸ ਨੇ ਪਹਿਲਾਂ ਜ਼ਿੰਦਗੀ ਦਿੱਤੀ ਅਤੇ ਫਿਰ ਜ਼ਿੰਦਗੀ ਨੂੰ ਜਿਊਣਯੋਗ ਬਣਾਇਆ।"-ਮਿ. ਸੇਟਲੇਵੋ। ਸੋ, ਜਿਨ੍ਹਾਂ ਰੱਬ ਦਿਆਂ ਬੰਦਿਆਂ ਨੇ ਔਰਤ ਦਾ ਆਦਰਸ਼ ਰੂਪ ਵੇਖ ਲਿਆ ਹੈ, ਉਹ ਉਸ ਦੇ ਪੁਜਾਰੀ ਬਣ ਗਏ ਹਨ। ਖੈਰ !

ਜੀਵਨ ਤਜਰਬਾ ਦੱਸਦਾ ਹੈ ਕਿ ਹਰ ਕਾਮਯਾਬ ਇਨਸਾਨ ਦੇ ਪਿੱਛੇ ਇੱਕ ਔਰਤ ਦਾ ਹੱਥ ਹੁੰਦਾ ਹੈ। ਉਹ ਔਰਤ, ਆਮ ਤੌਰ 'ਤੇ, ਇੱਕ ਮਾਂ ਜਾਂ ਪਤਨੀ ਹੁੰਦੀ ਹੈ। ਮਹਾਂਭਾਰਤ ਵਿੱਚ ਲਿਖਿਆ ਹੈ ਕਿ "ਮਰਦ ਦਾ ਨਾਰੀ ਦੇ ਸਮਾਨ ਕੋਈ ਦੋਸਤ ਨਹੀ।" ਸੋ, ਪਤੀ ਨੂੰ ਆਪਣੀ ਪਤਨੀ ਨਾਲ ਇੱਕ ਦੋਸਤ ਦੀ ਤਰ੍ਹਾਂ ਪਿਆਰ ਤੇ ਸਤਿਕਾਰ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਸ ਸੰਬੰਧ ਵਿੱਚ ਪਾਦਰੀ ਥਿਊਡਰ ਹੇਜ਼ਬਰਗ ਦਾ ਇਹ ਕਥਨ ਕਾਬਿਲ-ਏ-ਗੌਰ ਹੈ: "ਇੱਕ ਪਿਤਾ ਆਪਣੇ ਬੱਚਿਆਂ ਲਈ ਸਭ ਤੋਂ ਮਹੱਤਵਪੂਰਨ ਜੋ ਕੰਮ ਕਰ ਸਕਦਾ ਹੈ, ਉਹ ਹੈ ਉਨ੍ਹਾਂ ਦੀ ਮਾਂ ਨਾਲ ਅਥਾਹ ਪਿਆਰ।"

ਹੁਣ ਤੱਕ ਦੀ ਗੱਲਬਾਤ ਤੋਂ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਔਰਤ ਅਜ਼ੀਮ ਹੈ। ਤਾਹੀਉਂ ਗੁਰੂ ਪੀਰ ਤੇ ਮਹਾਨ ਵਿਦਵਾਨ ਵੀ ਔਰਤ ਦੀ

ਵਕਾਲਤ ਕਰਦੇ ਹਨ।....ਪਰ ਔਰਤ ਵਿਰੋਧੀ ਹਰ ਵਰਤਾਰੇ ਲਈ ਮਰਦ ਨੂੰ ਭੰਡਣਾ ਤੇ ਔਰਤ ਨੂੰ ਖਾਹਮਖਾਹ ਪੀੜਤ ਸਾਬਤ ਕਰੀ ਜਾਣਾ ਵੀ ਗਲਤ ਗੱਲ ਹੈ, ਕਿਉਂਕਿ ਔਰਤ ਵਾਲੇ ਪਾਸੇ ਵੀ ਸਭ ਠੀਕ ਨਹੀਂ ਹੈ। ਸੋ, ਔਰਤ ਨੂੰ ਵੀ ਆਪਣੀ ਸੋਚ ਵਿੱਚ ਉਸਾਰੂ ਪਰਿਵਰਤਨ ਲਿਆਉਣ ਦੀ ਲੋੜ ਹੈ, ਤਾਂ ਕਿ ਕੋਈ ਇਹ ਨਾ ਕਹਿ ਸਕੇ ਕਿ 'ਔਰਤ ਹੀ ਔਰਤ ਦੀ ਦੁਸ਼ਮਣ' ਹੈ।

ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਕੇਵਲ ਉਹ ਸਮਾਜ ਹੀ ਸਭਿਆ ਕਹਾਉਣ ਦਾ ਹੱਕਦਾਰ ਹੈ, ਜਿਸ ਵਿੱਚ ਇਸਤਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੈ। ਇਸ ਸੰਦਰਭ ਵਿੱਚ ਪੰ. ਜਵਾਹਰ ਲਾਲ ਨਹਿਰੂ ਦਾ ਕਥਨ ਹੈ ਕਿ "ਕਿਸੇ ਕੌਮ ਵਿੱਚ ਇਸਤਰੀ ਦੀ ਪਦਵੀ ਉਸ ਕੌਮ ਦੀ ਉਨਤੀ ਦੇ ਸਭ ਤੋਂ ਸਹੀ ਨਾਪਾਂ ਵਿੱਚੋਂ ਇੱਕ ਹੈ।" ਅਰਸਤੂ ਕਹਿੰਦਾ ਹੈ ਕਿ "ਇਸਤਰੀ ਦੀ ਉਨਤੀ ਅਤੇ ਗਿਰਾਵਟ 'ਤੇ ਹੀ ਰਾਸ਼ਟਰ ਦੀ ਉੱਨਤੀ ਅਤੇ ਗਿਰਾਵਟ ਨਿਰਭਰ ਕਰਦੀ ਹੈ।" ਹੋਰ ਤਾਂ ਹੋਰ! ਇਸਤਰੀ ਜਾਤੀ ਦਾ ਸਭ ਤੋਂ ਵੱਡਾ ਦੁਸ਼ਮਣ, ਮਨੂੰ ਵੀ ਇਹ ਕਹਿਣ ਲਈ ਮਜਬੂਰ ਹੈ ਕਿ "ਜਿਸ ਘਰ ਜਾਂ ਖਾਨਦਾਨ ਵਿੱਚ ਇਸਤਰੀਆਂ ਦੀ ਪੂਜਾ ਹੁੰਦੀ ਹੈ, ਭਾਵ ਆਦਰ-ਸਤਿਕਾਰ ਹੁੰਦਾ ਹੈ, ਉਸ ਘਰ 'ਤੇ ਦੇਵਤੇ ਖੁਸ਼ ਰਹਿੰਦੇ ਹਨ ਅਤੇ ਜਿਸ ਘਰ ਵਿੱਚ ਇਸਤਰੀਆਂ ਦੁਖੀ ਹਨ, ਉਥੇ ਕੋਈ ਵੀ ਪੁੰਨ ਨਹੀਂ ਫਲਦਾ। ਉਹ ਘਰ ਛੇਤੀ ਹੀ ਤਬਾਹ ਹੋ ਜਾਂਦਾ ਹੈ।" ਨਿਰਸੰਦੇਹ, ਜਿੱਥੇ ਨਾਰੀ ਦਾ ਉੱਚ ਸਥਾਨ ਹੈ, ਉੱਥੇ ਖੁਸ਼ੀਆਂ, ਖੇੜਿਆਂ ਤੇ ਖੁਸ਼ਹਾਲੀ ਦਾ ਵਾਸਾ ਹੈ। ਸ਼੍ਰੋਮਣੀ ਪਰੱਤਕਾਰ ਬੀ.ਐਸ. ਬੀਰ ਦੀਆਂ ਸਤਰਾਂ ਹਨ :-

**"ਸੰਦਲੀ ਪੌਣਾਂ ਝੂਲਦੀਆਂ,**
**ਜਿੱਥੇ ਨਾਰੀ ਦਾ ਸਨਮਾਨ।"**

**ਡਾ. ਹਰਚੰਦ ਸਿੰਘ ਸਰਹਿੰਦੀ**



**Adhiraj singh grandson of our Past President S. Gurcharan Singh Ji, student of Vivek High School sec 38 Chandigrh won as team leader Green championship award in the competition held by Schhnider Electric India Foundtion. Adhiraj is the proud son of Mrs. Saravpreet Kaur and S. Raminder Singh. BMSLF Chandigarh Wishes all the best for the future of this briliant child.**

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਸਿੰਮੀ** : ਤੁਸੀਂ ਸੋਚੀ ਜਾਓ, ਮੈਂ ਤਾਂ ਸੋਨੂੰ ਨੂੰ ਲੈ ਕੇ ਚੱਲੀ ਆਂ ਪੇਕੇ, ਸੁੱਖ ਨਾਲ ਪੰਜ ਭਰਾ ਨੇ। ਇਕ-ਇਕ ਦਿਨ ਵੀ ਰਹੀ ਤਾਂ ਪੰਜ ਦਿਨ ਤਾਂ ਸੌਖੇ ਲੰਘ ਈ ਜਾਣਗੇ। ਚੱਲ ਸੋਨੂੰ, ਆਪਾਂ ਚੱਲੀਏ।

**ਸੋਨੂੰ** : ਡੈਡੀ ਨੂੰ ਵੀ ਨਾਲ ਈ ਲੈ ਚਲਣੇ ਆਂ।

**ਸਿੰਮੀ** : ਆਪੇ ਆ ਜਾਣਗੇ।

**ਸਨਮ** : ਠੀਕ ਏ ਤੁਸੀਂ ਜਾਓ, ਮੈਂ ਆਪੇ ਆ ਜਾਵਾਂਗਾ ਸਕੂਟਰ 'ਤੇ।
(ਸਿੰਮੀ ਅਤੇ ਸੋਨੂੰ ਚਲੇ ਜਾਂਦੇ ਹਨ)
ਯਾਰ, ਜਿੰਨਾਂ ਚਿਰ ਇਹ ਲੜਕੀ ਸਾਡੀ ਪਾਰਟੀ ਦੀ ਮੈਂਬਰ ਰਹੀ, ਇਹਨੇ ਨੱਕ 'ਚ ਦਮ ਕਰੀ ਰੱਖਿਆ ਮੇਰਾ। ਜਿਸ ਦਿਨ ਦੀ ਇਹਦੀ ਛਾਂਟੀ ਕੀਤੀ, ਮਨ ਨੂੰ ਕੁੱਝ ਰਾਹਤ ਮਿਲੀ। ਹੁਣ ਇਹਨੇ ਨਵਾਂ ਈ ਚੱਕਰ ਚਲਾਉਣਾ ਸ਼ੁਰੂ ਕਰ ਦਿੱਤੈ। ਮੈਨੂੰ ਉਹ ਦਿਨ ਨਹੀਂ ਭੁੱਲਦਾ ਜਦ ਰੋਜ਼ੀ ਤੇ ਇਹਦੀ ਮਾਂ ਵੀਰੋ ਲੜਾਕੀ ਨੇ ਮੇਰੇ ਗਲ ਵਿਚ ਗਭੂਆ ਈ ਪਾ ਛੱਡਿਐ।

**ਮਹਿੰਦਰ** : ਪੂਰੀ ਗੱਲ ਦੱਸ, ਇਹਨਾਂ ਹਰਾਮਜਾਦੀਆਂ ਨੇ ਕੀਤਾ ਕੀ?

**ਸਨਮ** : ਦੋ ਕੁ ਮਹੀਨੇ ਪਹਿਲਾਂ ਦੀ ਗੱਲ ਏ, ਮੈਂ ਇਸੇ ਥਾਂ ਬੈਠਾ ਸੀ.....

**ਦ੍ਰਿਸ਼ ਦੂਜਾ**

**ਸਥਾਨ** : ਸਨਮ ਦੇ ਘਰ ਦਾ ਵਰਾਂਡਾ। (ਸਨਮ ਕੁਰਸੀ 'ਤੇ ਬੈਠਾ ਅੱਗੇ ਪਏ ਮੇਜ਼ ਉੱਪਰ ਪਏ ਕਾਗਜ਼ 'ਤੇ ਲਿਖ ਰਿਹਾ ਹੈ)।

**ਸਨਮ** : (ਆਪਣੇ ਆਪ ਨੂੰ) ਕਲ੍ਹ ਰਾਤ ਇਕ ਰੌਚਿਕ ਖ਼ਿਆਲ ਆਇਆ ਸੀ ਮਨ ਵਿਚ, ਇਕ ਦਮ ਨਵਾਂ। ਕੁੱਝ ਚੇਤਾ ਜਿਹਾ ਨਹੀਂ ਆ ਰਿਹੈ।
(ਵੀਰੋ ਲੜਾਕੀ ਬੇਸ਼ਰਮਾਂ ਵਾਂਗ ਹਾਸਾ ਹੱਸਦੀ ਆਉਂਦੀ ਹੈ)।

**ਵੀਰੋ** : ਅਸੀਂ ਚੇਤੇ ਕਰਵਾ ਦਿੰਦੇ ਆ।

**ਸਨਮ** : (ਤ੍ਰਭ੍ਕ ਕੇ) ਕਾਹਦਾ?

**ਵੀਰੋ** : ਮਿਆਣੀ ਪਿੰਡ ਜਿਹੜਾ ਨਾਟਕ ਖੇਡਣਾ ਏ, ਸੋਚਦਾ ਹੋਵੇਂਗਾ ਪ੍ਰੋਗਰਾਮ ਤੋਂ ਕਿੰਨੀ ਕੁ ਮਾਇਆ ਹੋਵੇਗੀ ਤੇ ਰੋਜ਼ੀ ਨੂੰ ਕਿੰਨੇ ਕੁ ਪੈਸੇ ਦੇਣਾ ਪੈਣਗੇ?

**ਸਨਮ** : (ਪਰੇਸ਼ਾਨੀ ਵਿਚ) ਨਹੀਂ ਨਹੀਂ, ਐਸੀ ਕੋਈ ਗੱਲ ਨਹੀਂ। ਆਓ ਬੈਠੋ।
(ਕੋਲ ਪਈ ਕੁਰਸੀ ਵੱਲ ਇਸ਼ਾਰਾ ਕਰਦਾ ਹੈ)

**ਵੀਰੋ** : ਨਾ ਜੀ, ਸਾਨੂੰ ਕਿੱਥੇ ਜਾਚ ਏ ਕੁਰਸੀ 'ਤੇ ਬੈਠਣ ਦੀ। ਅਸੀਂ ਤਾਂ ਹੋਏ ਜੰਗਲੀ ਗੰਵਾਰ ਲੋਕ ਤੇ ਤੁਸੀਂ ਹੋਏ ਸਾਹਬ ਲੋਕ।

**ਸਨਮ** : ਨਹੀਂ ਜੀ, ਅਸੀਂ ਤੁਸੀਂ ਸਾਰੇ ਇਕੋ ਜਿਹੇ ਆਂ।

**ਵੀਰੋ** : ਨਾਲੇ ਜੇ ਅਸੀਂ ਕੁਰਸੀ 'ਤੇ ਬਹਿ ਵੀ ਜਾਈਏ ਤਾਂ ਸਾਨੂੰ ਕਿਹੜਾ ਅਕਲ ਆ ਜਾਏਗੀ, ਸਾਡੇ ਬੈਠਣ ਨਾਲ ਕੁਰਸੀ ਦੀ ਕਦਰ ਵੀ ਤਾਂ ਰਹਿਣੀ ਨਹੀਂ।

**(ਚਲਦਾ)**

# ਕਿੱਧਰ ਗਈਆਂ ਚਾਟੀਆਂ ਤੇ ਮਧਾਣੀਆਂ?

ਹਰਜਿੰਦਰ ਸਿੰਘ

ਪਰਿਵਰਤਨ ਮਨੁੱਖੀ ਜੀਵਨ ਦੀ ਇਕ ਅਹਿਮ ਪ੍ਰਕਿਰਿਆ ਹੈ। ਸਮੇਂ ਦੇ ਨਾਲ ਮਨੁੱਖੀ ਜਿਊਣ ਢੰਗ ਅਤੇ ਮਨੁੱਖੀ ਕਾਰ ਵਿਹਾਰ ਵਿਚ ਪਰਿਵਰਤਨ ਆਉਣਾ ਸੁਭਾਵਿਕ ਹੈ। ਜਿਉਂ ਜਿਉਂ ਸਮੇਂ ਦੀ ਚਾਲ ਨਾਲ ਮਨੁੱਖੀ ਜੀਵਨ ਦਾ ਵਿਕਾਸ ਹੋਇਆ ਹੈ, ਤਿਉਂ-ਤਿਉਂ ਅਜਿਹੀਆਂ ਕਈ ਕਾਢਾਂ ਅਤੇ ਖੋਜਾਂ ਹੋਈਆਂ ਹਨ, ਜਿਨ੍ਹਾਂ ਨਾਲ ਮਨੁੱਖੀ ਜੀਵਨ ਦਾ ਵਰਤਾਰਾ ਵੀ ਬਦਲ ਗਿਆ ਹੈ। ਪਹਿਲੇ ਸਮਿਆਂ ਦੌਰਾਨ ਜਿਥੇ ਕਿਸੇ ਕੰਮ ਨੂੰ ਕਰਨ ਲਈ ਕਾਫੀ ਸਮਾਂ ਲੱਗ ਜਾਂਦਾ ਸੀ, ਅੱਜ ਦੇ ਸਮੇਂ ਦੌਰਾਨ ਓਹੀ ਕੰਮ ਤਕਨੀਕ ਦੇ ਵਿਕਾਸ ਨਾਲ ਮਿੰਟਾਂ-ਸਕਿੰਟਾਂ ਦੀ ਖੇਡ ਬਣ ਗਿਆ ਹੈ। ਪਰਿਵਰਤਨ ਦੇ ਮਨੁੱਖ ਨੂੰ ਜਿਥੇ ਕਈ ਲਾਭ ਹੋਏ ਹਨ, ਉਥੇ ਇਸ ਦੀਆਂ ਕਈ ਹਾਨੀਆਂ ਵੀ ਹੋਈਆਂ ਹਨ। ਸਮੇਂ ਦੇ ਬਦਲਾਅ ਅਤੇ ਅਤਿ-ਆਧੁਨਿਕ ਰੰਗਤ ਨੇ ਮਨੁੱਖੀ ਜੀਵਨ ਨੂੰ ਆਪਣੇ ਅਮੀਰ ਵਿਰਸੇ ਅਤੇ ਸੱਭਿਆਚਾਰ ਤੋਂ ਦੂਰ ਕਰ ਦਿੱਤਾ ਹੈ। ਚਾਟੀਆਂ, ਮਧਾਣੀਆਂ, ਕੂੰਡੇ, ਗਾਗਰਾਂ, ਤੌੜੀਆਂ, ਘੜੇ, ਛੱਜ, ਪੱਖੀਆਂ ਆਦਿ ਜੋ ਪਹਿਲਾਂ ਮਨੁੱਖੀ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਸਨ, ਅੱਜ ਦੇ ਸਮੇਂ ਦੌਰਾਨ ਇਹ ਸਾਰੀਆਂ ਚੀਜ਼ਾਂ ਸਿਰਫ ਅਜਾਇਬ ਘਰਾਂ, ਵਿਰਾਸਤੀ ਥਾਵਾਂ ਅਤੇ ਨੁਮਾਇਸ਼ਾਂ ਵਿਚ ਰੱਖਣ ਦੀਆਂ ਚੀਜ਼ਾਂ ਬਣ ਗਈਆਂ ਹਨ।

ਪਹਿਲੇ ਸਮੇਂ ਦੌਰਾਨ ਔਰਤਾਂ ਤੜਕੇ ਉੱਠ ਕੇ ਹੱਥੀਂ ਦੁੱਧ ਰਿੜਕਦੀਆਂ ਸਨ। ਲੋਕ ਸਵੇਰ ਵੇਲੇ ਦੁੱਧ, ਦਹੀਂ ਅਤੇ ਅੱਧ-ਰਿੜਕਾ ਪੀਂਦੇ ਹੁੰਦੇ ਸਨ। ਚਾਹ ਨੂੰ ਉਸ ਸਮੇਂ ਕੋਈ ਜਾਣਦਾ ਹੀ ਨਹੀਂ ਸੀ। ਇਸੇ ਕਰਕੇ ਥਕਾਵਟ ਉਨ੍ਹਾਂ ਦੇ ਨੇੜੇ ਨਹੀਂ ਆਉਂਦੀ ਸੀ। ਪਰ ਹੁਣ ਦੇ ਸਮੇਂ ਦੌਰਾਨ ਲੋਕ ਸਵੇਰ ਵੇਲੇ ਚਾਹ ਅਤੇ ਬਰੈੱਡ ਆਦਿ ਦਾ ਹੀ ਸੇਵਨ ਕਰਦੇ ਹਨ। ਚਾਟੀ ਦੀ ਲੱਸੀ ਅਤੇ ਮੱਖਣ ਦਾ ਸਵਾਦ ਅੱਜ ਵੀ ਭੁਲਾਇਆਂ ਨਹੀਂ ਭੁੱਲਦਾ। ਪਰ ਹੌਲੀ ਹੌਲੀ ਹੱਥੀਂ ਦੁੱਧ ਰਿੜਕਣ ਦੀ ਜਗ੍ਹਾ ਬਿਜਲੀ ਦੀਆਂ ਮਧਾਣੀਆਂ ਨੇ ਲੈ ਲਈ। ਇਸੇ ਤਰ੍ਹਾਂ ਦਾਣੇ ਛੱਟਣ ਲਈ ਵਰਤਿਆ ਜਾਣ ਵਾਲਾ ਛੱਜ ਵੀ ਸਿਰਫ ਸੱਭਿਆਚਾਰਕ ਪ੍ਰੋਗਰਾਮਾਂ ਦਾ ਹਿੱਸਾ ਬਣਦਾ ਜਾ ਰਿਹਾ ਹੈ। ਨਵੀਆਂ ਕੁੜੀਆਂ ਛੱਜ ਦੁਆਰਾ ਦਾਣੇ ਛੱਟਣ ਤੋਂ ਕਿਨਾਰਾ ਕਰ ਰਹੀਆਂ ਹਨ। ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਸੇ ਵਿਚੋਂ ਕਈ ਅਹਿਮ ਚੀਜ਼ਾਂ ਅੱਜ ਗਾਇਬ ਹੋ ਚੁੱਕੀਆਂ ਹਨ। ਸਾਡੇ ਉੱਪਰ ਪੱਛਮੀ ਰੰਗ-ਢੰਗ ਏਨਾ ਭਾਰੂ ਹੋ ਗਿਆ ਹੈ ਕਿ ਸਾਡੇ ਕਾਰ-ਵਿਹਾਰ, ਹਾਰ-ਸ਼ਿੰਗਾਰ, ਪਹਿਰਾਵਾ, ਖਾਣ-ਪੀਣ, ਰਸਮੋਂ-ਰਿਵਾਜ਼, ਰਹਿਣ-ਸਹਿਣ ਸਭ ਬਦਲ ਗਏ ਹਨ। ਸਾਡੇ ਅਮੀਰ ਸੱਭਿਆਚਾਰ ਉੱਪਰ ਪੱਛਮੀ ਸੱਭਿਆਚਾਰ ਦਾ ਬਹੁਤ ਪ੍ਰਭਾਵ ਪੈ ਰਿਹਾ ਹੈ ਅਤੇ ਅਸੀਂ ਆਪਣੇ ਸੱਭਿਆਚਾਰ ਦੀ ਪ੍ਰਵਾਹ ਕੀਤੇ ਬਿਨਾਂ ਪੱਛਮੀ ਸੱਭਿਆਚਾਰ ਨੂੰ ਅਪਣਾ ਰਹੇ ਹਾਂ।

ਭਾਵੇਂ ਅਸੀਂ ਇਨ੍ਹਾਂ ਵਿਰਾਸਤੀ ਚੀਜ਼ਾਂ ਨੂੰ ਆਪਣੇ ਘਰਾਂ ਵਿਚੋਂ ਕੱਢ ਦਿੱਤਾ ਹੈ ਪਰ ਅੱਜ ਵੱਡੇ-ਵੱਡੇ ਢਾਬੇ ਜਾਂ ਰੈਸਟੋਰੈਂਟ ਇਨ੍ਹਾਂ ਚੀਜ਼ਾਂ ਨੂੰ ਨੁਮਾਇਸ਼ ਵਜੋਂ ਸਜਾ ਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰ ਰਹੇ ਹਨ ਅਤੇ ਇਨ੍ਹਾਂ ਵਿਰਾਸਤੀ ਚੀਜ਼ਾਂ ਦੀ ਮਦਦ ਨਾਲ ਉਹ ਲੱਖਾਂ ਰੁਪਏ ਕਮਾ ਰਹੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਅਸੀਂ ਉਨ੍ਹਾਂ ਢਾਬਿਆਂ ਜਾਂ ਰੈਸਟੋਰੈਂਟਾਂ ਵਿਚ ਜਾ ਕੇ ਪੰਜਾਬੀ ਖਾਣੇ ਅਤੇ ਵਿਰਸੇ ਉੱਤੇ ਮਾਣ ਮਹਿਸੂਸ ਕਰਦੇ ਹਾਂ ਤਾਂ ਅਸੀਂ ਇਨ੍ਹਾਂ ਨੂੰ ਆਪਣੇ ਘਰਾਂ ਵਿਚੋਂ ਕਿਉਂ ਕੱਢ ਰਹੇ ਹਾਂ? ਅਸੀਂ ਇਨ੍ਹਾਂ ਵਿਰਾਸਤੀ ਵਸਤਾਂ ਨੂੰ ਆਪਣੇ ਘਰਾਂ ਵਿਚ ਕਿਉਂ ਨਹੀਂ ਸਜਾ ਸਕਦੇ? ਆਓ, ਅਸੀਂ ਸਾਰੇ ਮਿਲ ਕੇ ਆਪਣੇ ਵਿਰਸੇ ਅਤੇ ਸੱਭਿਆਚਾਰ ਨੂੰ ਸੰਭਾਲਣ ਦੀ ਕੋਸ਼ਿਸ਼ ਕਰੀਏ। ਸਮੇਂ ਨਾਲ ਬਦਲਾਅ ਹੋਣਾ ਸੁਭਾਵਿਕ ਹੈ ਪਰ ਆਪਣੇ ਸੱਭਿਆਚਾਰ ਨੂੰ ਪੂਰੀ ਤਰ੍ਹਾਂ ਵਿਸਾਰ ਕੇ ਕੋਈ ਕੌਮ ਤਰੱਕੀ ਨਹੀਂ ਕਰ ਸਕਦੀ। ਇਸੇ ਕਰਕੇ ਸਾਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਦੀ ਕਦਰ ਕਰਦੇ ਹੋਏ ਇਸ ਨੂੰ ਸੰਭਾਲਣ ਦੇ ਯਤਨ ਕਰਨੇ ਚਾਹੀਦੇ ਹਨ।



# ਅਮਰੀਕਾ ਤੋਂ ਗ਼ੈਰ ਕਾਨੂੰਨੀ ਕਾਮਿਆਂ ਦੀ ਘਰਾਂ ਨੂੰ ਵਾਪਸੀ

## ਏਜੰਟਾਂ ਨੇ ਗਲਤ ਸਬਜ਼ ਬਾਗ ਵਿਖਾ ਕੇ ਲੋਕਾਂ ਤੋਂ ਕਰੋੜਾਂ ਲੁੱਟੇ




ਅੱਜਕਲ੍ਹ ਅਮਰੀਕਾ ਗ਼ੈਰ ਕਾਨੂੰਨੀ ਤਰੀਕਿਆਂ ਨਾਲ ਪਹੁੰਚੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੀ ਉਥੋਂ ਦੀ ਸਰਕਾਰ ਵੱਲੋਂ ਵਾਪਸ ਘਰ ਵਾਪਸੀ ਦੀ ਚਰਚਾ ਬੜੇ ਜ਼ੋਰਾਂ 'ਤੇ ਹੈ। ਅਮਰੀਕਾ ਦੇ ਬਾਰਡਰਾਂ ਤੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਉਸ ਦੇਸ਼ ਵਿਚ ਦਾਖਲ ਹੋਣ ਅਤੇ ਅਮਰੀਕਾ ਵਿਚ ਚੰਗੇ ਭਵਿੱਖ ਦੀ ਆਸ ਨਾਲ ਯਾਤਰੀ ਵੀਜ਼ਾ ਤੇ ਪਹੁੰਚ ਕੇ ਵੀਜ਼ਾ ਦੀ ਮਿਆਦ ਪੁਗਣ ਤੇ ਵੀ ਆਪਣੇ ਦੇਸ਼ ਵਾਪਸ ਆਉਣ ਦੀ ਬਜਾਏ ਅਮਰੀਕਾ ਵਿਚ ਹੀ ਗ਼ੈਰ ਕਾਨੂੰਨੀ ਵਾਸ ਕਰ ਲੈਣਾ ਉਥੋਂ ਦੀ ਸਰਕਾਰ ਮੁਤਾਬਕ ਉਥੋਂ ਦੇ ਕਾਨੂੰਨ ਦੀ ਵੀ ਘੋਰ ਉਲੰਘਣਾ ਹੈ।

ਅਮਰੀਕਾ ਦੇਸ਼ ਵਿਚ ਪਹੁੰਚਦਾ ਕਰਨ ਲਈ ਟਰੈਵਲ ਏਜੰਟਾਂ ਨੇ ਅਜਿਹੇ ਭੋਲੇ ਭਾਲੇ ਲੋਕਾਂ ਤੋਂ ਲੱਖਾਂ ਨਹੀਂ ਕਰੋੜਾਂ ਰੁਪਏ ਲੁੱਟੇ ਹਨ। ਕਿਹਾ ਜਾਂਦਾ ਹੈ ਕਿ ਸਿੱਧੀ ਫਲਾਇਟ ਰਾਹੀਂ ਅਮਰੀਕਾ ਪਹੁੰਚਾਉਣ ਦਾ ਤਕਰੀਬਨ 50 ਲੱਖ ਰੁਪੈ ਲੱਗੇਗਾ। 50 ਲੱਖ ਰੁਪੈ ਦੇ ਕੇ ਸਿੱਧੀ ਫਲਾਇਟ ਤੇ ਚੜ੍ਹਾ ਵੀ ਦਿੱਤਾ ਜਾਂਦਾ ਹੈ ਪਰ ਸਾਡੇ ਲੋਕ ਇਹ ਨਹੀਂ ਦੇਖਦੇ ਕਿ ਇਹ ਫਲਾਇਟ ਕਿਸ ਦੇਸ਼ ਵਿਚ ਲੈਂਡ ਕਰਨ ਵਾਲੀ ਹੈ। ਇਹ ਫਲਾਇਟ ਕੋਸਟਾ ਟੀਕਾ, ਵੈਨਜ਼ੁਵੇਲਾ, ਮੈਕਸੀਕੋ, ਪਨਾਮਾ ਜਾਂ ਦੱਖਣੀ ਅਮਰੀਕਨ ਦੇਸ਼ਾਂ ਕੋਲੰਬੀਆ, ਇਕਵੈਡੋਰ, ਬਰਾਜ਼ੀਲ ਆਦਿ ਦੀ ਹੁੰਦੀ ਹੈ ਅਤੇ ਫਿਰ ਸ਼ੁਰੂ ਹੁੰਦਾ ਹੈ ਉਹਨਾਂ ਦੇਸ਼ਾਂ ਤੋਂ ਅਮਰੀਕਾ ਬਾਰਡਰ ਵੱਲ ਜਾਣ ਵਾਲਾ ਪੈਦਲ ਡੌਂਕੀ ਰੂਟ, ਜੋ ਕਿ ਜੰਗਲੀ, ਬਰਫ਼ੀਲੇ ਤੇ ਨਦੀ ਨਾਲਿਆਂ ਨਾਲ ਭਰਪੂਰ, ਭੁੱਖੇ ਢਿੱਡ ਕਈ-ਕਈ ਦਿਨ ਪੈਦਲ ਚੱਲ ਕੇ ਅਮਰੀਕਨ ਬਾਰਡਰ ਤੱਕ ਪਹੁੰਚਣ ਲਈ ਸ਼ੁਰੂ ਹੁੰਦਾ ਹੈ। ਇਹ ਬਹੁਤ ਹੀ ਮੁਸ਼ਕਤ ਤੇ ਕਸ਼ਟ ਭਰਪੂਰ ਹੁੰਦਾ ਹੈ। ਕਈ ਨੌਜਵਾਨ ਇਸ ਰਾਹ ਵਿਚ ਮੁਸ਼ਕਲਾਂ ਨਾਲ ਜੂਝਦੇ ਹੋਏ ਮੌਤ ਨੂੰ ਵੀ ਪਿਆਰੇ ਹੋ ਜਾਂਦੇ ਹਨ। ਮੈਕਸੀਕੋ ਦੇ ਬਾਰਡਰ ਤੇ ਅਮਰੀਕਨਾਂ ਨੇ 35 ਫੁੱਟ ਉੱਚੀ ਲੋਹੇ ਦੀ ਦੀਵਾਰ ਖੜ੍ਹੀ ਕੀਤੀ ਹੋਈ ਹੈ। ਦੀਵਾਰ ਵਿਚਲੀਆਂ ਚੋਰ ਮੋਰੀਆਂ ਜਾਂ ਪੂਰੀ ਉਚਾਈ ਚੜ੍ਹ ਕੇ ਦੂਜੇ ਪਾਸੇ ਟੱਪ ਕੇ ਪਹੁੰਚਣ ਵਾਲਿਆਂ ਨੂੰ ਬਾਰਡਰ ਪੁਲਿਸ ਵੱਲੋਂ ਆਪਣੀ ਹਿਰਾਸਤ ਵਿਚ ਲੈ ਲਿਆ ਜਾਂਦਾ ਹੈ ਤੇ ਮੁੱਢਲੇ ਕੈਂਪ ਵਿਚ ਹਿਰਾਸਤ ਵਿਚ ਰੱਖਿਆ ਜਾਂਦਾ ਹੈ। ਪੁਲਿਸ ਕੈਂਪ ਵਿਚ ਪਹੁੰਚਣ ਦੀ ਖ਼ਬਰ ਸੁਣ ਕੇ ਪੰਜਾਬ ਦੇ ਪਿੰਡ ਵਿਚ ਉਹਨਾਂ ਦੇ ਵਾਰਸਾਂ ਵੱਲੋਂ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ, ਢੋਲ ਵਜਾਏ ਜਾਂਦੇ ਨੇ ਤੇ ਗੁਰੂ ਘਰ ਖੁਸ਼ੀਆਂ ਦੀਆਂ ਅਰਦਾਸਾਂ ਤੇ ਮੁਬਾਰਕਾਂ ਸ਼ੁਰੂ ਹੋ ਜਾਂਦੀਆਂ ਹਨ। ਉਹਨਾਂ ਨੂੰ ਪਤਾ ਹੁੰਦਾ ਹੈ ਕਿ ਅਮਰੀਕਨ ਸਰਕਾਰ ਕੁਝ ਦਿਨ ਇਹਨਾਂ ਨੂੰ ਹਿਰਾਸਤ ਵਿਚ ਰੱਖ ਕੇ ਆਪਣੀ ਨਿਗਰਾਨੀ ਵਿਚ ਰਿਹਾਅ ਕਰ ਦੇਵੇਗੀ ਤੇ ਫਿਰ ਅਮਰੀਕਾ ਪਹੁੰਚਣ ਦਾ ਸੁਪਨਾ ਸਾਕਾਰ ਹੋ ਗਿਆ। ਭਾਵੇਂ ਕਿ ਅਜਿਹੇ ਵਿਅਕਤੀਆਂ ਦੀ ਪਛਾਣ ਰੱਖਣ ਲਈ ਉਹਨਾਂ ਦੇ ਗਿੱਟਿਆਂ ਦੁਆਲੇ ਚਿੱਪ ਲੱਗੇ ਕੜੇ ਪਾਉਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹੀਆਂ ਨ।

ਕਿਸੇ ਵੀ ਦੇਸ਼ ਨੂੰ ਆਪਣੀਆਂ ਸਰਹੱਦਾਂ ਦੇ ਅੰਦਰ ਦੀ ਪ੍ਰਭੂਸਤਾ ਨੂੰ ਬਹਾਲ ਰੱਖਣ ਦਾ ਪੂਰਾ ਅਧਿਕਾਰ ਹੁੰਦਾ ਹੈ। ਵਿਸ਼ਵ ਭਰ ਵਿਚ ਫੈਲੇ ਦੂਤਾਘਰ ਇਹ ਫੈਸਲਾ ਲੈਂਦੇ ਹਨ ਕਿ ਕੌਣ ਵਿਅਕਤੀ ਉਹਨਾਂ ਦੇ ਦੇਸ਼ ਵਿਚ ਦਾਖਲ ਹੋ ਸਕਦਾ ਹੈ ਜਾਂ ਨਹੀਂ। ਕਿਸੇ ਵੀ ਦੇਸ਼ ਵਿਚ ਸਹੀ ਵੀਜ਼ਾ ਲੈ ਕੇ ਚਾਹੇ ਉਹ ਪੜ੍ਹਾਈ ਲਈ, ਯੋਗ ਕੰਮ ਕਰਨ ਲਈ ਜਾਂ ਯਾਤਰਾ ਸੈਰ ਸਪਾਟਾ ਕਰਨ ਲਈ ਜਾਣਾ ਅਤੇ ਅਜਿਹੇ ਲੋਕਾਂ ਤੋਂ ਵਿਦੇਸ਼ੀ ਕਰੰਸੀ ਦੀ ਕਮਾਈ ਕਰਨਾ ਹਰ ਦੇਸ਼ ਦੀ ਨੀਤੀ ਦਾ ਹਿੱਸਾ ਹੁੰਦਾ ਹੈ। ਗ਼ੈਰ ਕਾਨੂੰਨੀ ਤਰੀਕੇ ਨਾਲ ਲੁੱਕ-ਛੁੱਪ ਕੇ ਕਿਸੇ ਦੇਸ਼ ਵਿਚ ਦਾਖਲ ਹੋਣਾ ਉਸ ਦੇਸ਼ ਦੀ ਪ੍ਰਭੂਸਤਾ ਨੂੰ ਚੈਲੰਜ ਕਰਨ ਦੇ ਤੁੱਲ ਹੁੰਦਾ ਹੈ, ਉਹ ਦੇਸ਼ ਜਦੋਂ ਚਾਹੇ ਅਜਿਹੀ ਉਲੰਘਣਾ ਤੇ ਕਾਰਵਾਈ ਕਰ ਸਕਦਾ ਹੈ।

ਅਮਰੀਕਾ ਦੀ ਹੁਣੇ-ਹੁਣੇ ਸੰਪੰਨ ਹੋਈ ਰਾਸ਼ਟਰਪਤੀ ਦੀ ਚੋਣ ਵਿਚ ਰਿਪਬਲਿਕ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਡ ਨੇ ਆਪਣੀਆਂ ਚੋਣ ਰੈਲੀਆਂ ਵਿਚ ਅਮਰੀਕਾ ਦੇ ਮੂਲ ਨਿਵਾਸੀਆਂ ਦੀਆਂ ਘੱਟ ਰਹੀਆਂ ਨੌਕਰੀਆਂ ਅਤੇ ਵਿਦੇਸ਼ੀ ਗ਼ੈਰ ਕਾਨੂੰਨੀ ਦਾਖ਼ਲੇ ਵਾਲੇ ਲੋਕਾਂ ਦੀ ਆਮਦ ਤੇ ਮੁਕੰਮਲ ਪਾਬੰਦੀ ਲਗਾਉਣ ਦਾ ਵਾਅਦਾ ਕੀਤਾ ਸੀ। ਮੂਲ

ਨਿਵਾਸੀਆਂ ਨੇ ਉਸ ਦੇ ਇਸ ਚੋਣ ਵਾਅਦੇ ਤੇ ਯਕੀਨ ਕਰਕੇ ਇਸ ਨੂੰ ਭਾਰੀ ਬਹੁਮੱਤ ਨਾਲ ਰਾਸ਼ਟਰਪਤੀ ਦੀ ਚੋਣ ਵੀ ਜਿਤਾਈ। ਹੁਣ ਵਾਰੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸੀ। ਉਸ ਨੇ ਬਾਰਡਰਾਂ ਤੇ ਸਖ਼ਤੀ ਕਰਕੇ ਹੁਣੇ-ਹੁਣੇ ਦਾਖਲ ਹੋ ਰਹੇ ਗ਼ੈਰ ਕਾਨੂੰਨੀ ਕਾਮਿਆਂ ਨੂੰ ਫੜ ਕੇ ਉਹਨਾਂ ਦੇ ਦੇਸ਼ਾਂ ਨੂੰ ਵਾਪਸ ਭੇਜਣ ਦੇ ਹੁਕਮ ਦਿੱਤੇ ਹਨ। ਜਿਨ੍ਹਾਂ ਦਾ ਆਰਥਿਕ ਨੁਕਸਾਨ ਹੋਇਆ ਜਾਂ ਵੱਡੇ-ਵੱਡੇ ਜਾਂ ਹਸੀਨ ਸੁਪਨੇ ਚਕਨਾਚੂਰ ਹੋਏ ਉਹਨਾਂ ਨਾਲ ਹਮਦਰਦੀ ਹੈ। ਪ੍ਰੰਤੂ ਸਾਨੂੰ ਇਹ ਪਹਿਲਾਂ ਸੋਚਣਾ ਪਵੇਗਾ ਕਿ ਸਾਡੇ ਵੱਲੋਂ ਕਿਸੇ ਦੇਸ਼ ਦੀ ਪ੍ਰਭੂਸਤਾ ਨੂੰ ਭੰਗ ਕਰਨ ਦਾ ਰਸਤਾ ਅਸੀਂ ਕਿਉਂ ਚੁਣਿਆ। ਅਜਿਹਾ ਕਾਰਜਾਂ ਵਿਚ ਜ਼ੋਖਮ ਤਾਂ ਹੁੰਦਾ ਹੀ ਹੈ। ਜੋ ਕਿ ਦੇਰ ਸਵੇਰ ਝੱਲਣਾ ਹੀ ਪੈਂਦਾ ਹੈ।



● ● ●

# ਲੁਬਾਣਾ ਬਰਾਦਰੀ ਦੀ ਮਾਨਮੱਤੀ ਧੀ ਗੂਗਲ ਇੰਡੀਆ ਦੀ ਕੰਟਰੀ ਮੈਨੇਜਰ ਨਿਯੁਕਤ ਹੋਈ



ਮੈਡਮ ਪ੍ਰੀਤੀ ਲੁਬਾਣਾ ਵੱਲੋਂ ਇਕ ਵੱਡੀ ਪ੍ਰਾਪਤੀ ਕਰਦੇ ਹੋਏ ਪ੍ਰਮੁੱਖ ਅੰਤਰਰਾਸ਼ਟਰੀ ਪੱਧਰ ਤੇ ਮਸ਼ਹੂਰ ਕੰਪਿਊਟਰ ਤੇ ਇੰਟਰਨੈੱਟ ਕੰਪਨੀ ਗੂਗਲ ਇੰਡੀਆ ਦੀ ਕੰਟਰੀ ਮੈਨੇਜਰ ਇੰਡੀਆ ਦੀ ਨਿਯੁਕਤੀ ਪ੍ਰਾਪਤ ਕੀਤੀ ਹੈ। ਸਮੁੱਚੀ ਬਰਾਦਰੀ ਲਈ ਇਹ ਬੜੇ ਮਾਣ ਵਾਲੀ ਗੱਲ ਹੈ। ਪ੍ਰੀਤੀ ਲੁਬਾਣਾ ਮਰਹੂਮ ਸ. ਮਹਿੰਦਰ ਸਿੰਘ ਲੁਬਾਣਾ ਸੇਵਾ ਮੁਕਤ ਡਿਸਟ੍ਰਿਕਿਟ ਤੇ ਸੈਸ਼ਨ ਜੱਜ ਜੀ ਦੀ ਸਪੁੱਤਰੀ ਹੈ। ਆਪ ਜੀ ਦੇ ਮਾਤਾ ਜੀ ਸ੍ਰੀਮਤੀ ਜੀਤ ਕੌਰ ਵੀ ਸਰਕਾਰੀ ਕਾਲਜ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਜਸਟਿਸ ਮਹਿੰਦਰ ਸਿੰਘ ਲੁਬਾਣਾ ਜੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਸਰਗਰਮ ਮੈਂਬਰ ਰਹੇ ਹਨ। ਉਹ ਫਾਊਂਡੇਸ਼ਨ ਦੀ ਸੰਵਿਧਾਨ ਕਮੇਟੀ ਦੇ ਮੈਂਬਰ ਵੀ ਰਹੇ ਅਤੇ ਕਈ ਵਾਰ ਫਾਊਂਡੇਸ਼ਨ ਦੇ ਪ੍ਰਧਾਨ ਦੀ ਚੋਣ ਕਮੇਟੀ ਦੇ ਮੁਖੀ ਵੀ ਰਹੇ।

ਪ੍ਰੀਤੀ ਲੁਬਾਣਾ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਲੜਕੀਆਂ ਦੇ ਸਰਕਾਰੀ ਕਾਲਜ ਵਿਚੋਂ ਮਨੋਵਿਗਿਆਨ ਵਿਚ ਗ੍ਰੈਜੂਏਸ਼ਨ ਕਰਨ ਉਪਰੰਤ ਆਈ.ਆਈ.ਟੀ. ਅਹਿਮਦਾਬਾਦ ਤੋਂ ਐਮ.ਬੀ.ਏ. ਪਾਸ ਕੀਤੀ। ਉਹਨਾਂ ਨੇ ਵੱਖ-ਵੱਖ ਪ੍ਰਮੁੱਖ ਬੈਂਕਾਂ ਅਤੇ ਨਾਮੀ ਵਿੱਤੀ ਸੰਸਥਾਵਾਂ ਜਿਵੇਂ ਕਿ ਏ.ਐਨ.ਜ਼ੈਡ, ਗਰਿੰਡਲੇ ਬੈਂਕ, ਸਟੈਂਡਰਡ ਚਾਰਟਰਡ ਬੈਂਕ ਅਤੇ ਅਮਰੀਕਨ ਐਕਸਪ੍ਰੈਸ ਤੇ ਰਾਇਲ ਬੈਂਕ ਆਫ਼ ਸਕਾਟਲੈਂਡ ਵਿਚ ਆਪਣੀਆਂ ਸੇਵਾਵਾਂ ਦਿੱਤੀਆਂ। ਜਨਵਰੀ 2016 ਤੋਂ ਮਸ਼ਹੂਰ ਕੰਪਨੀ ਗੂਗਲ ਵਿਚ ਕੰਮ ਕਰ ਰਹੇ ਹਨ ਤੇ ਹੁਣ ਗੂਗਲ ਇੰਡੀਆ ਦੀ ਕੰਟਰੀ ਮੈਨੇਜਰ ਦੀ ਉਹਨਾਂ ਨੂੰ ਨਿਯੁਕਤੀ ਮਿਲੀ ਹੈ। ਉਹਨਾਂ ਦੀ ਸ਼ਾਦੀ ਬੈਂਕਿੰਗ ਸੇਵਾਵਾਂ ਵਿਚ ਪ੍ਰਮੁੱਖ ਸਖ਼ਸ਼ੀਅਤ ਸ. ਜਤਿੰਦਰਪਾਲ ਸਿੰਘ ਸਪੁੱਤਰ ਸ. ਗੁਰਮੀਤ ਸਿੰਘ ਲੁਬਾਣਾ ਸੇਵਾ ਮੁਕਤ ਜੁਆਇੰਟ ਸਕੱਤਰ ਭਾਰਤ ਸਰਕਾਰ ਨਾਲ ਹੋਈ ਹੈ। ਆਪ ਜੀ ਆਪਣੀ ਸੇਵਾ ਦੇ ਨਾਲ-ਨਾਲ ਖੁਸ਼ੀ-ਖੁਸ਼ੀ ਪਰਿਵਾਰਕ ਜੀਵਨ ਬਤੀਤ ਕਰ ਰਹੇ ਹਨ।

ਪ੍ਰੀਤੀ ਲੁਬਾਣਾ ਜੀ ਦੇ ਪਰਿਵਾਰ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ ਨੂੰ 15000 ਰੁਪਏ ਮਾਇਕ ਸਹਾਇਤਾ ਭੇਜੀ ਹੈ। ਪ੍ਰਧਾਨ ਜੀ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਬਮਸਲ ਚੰਡੀਗੜ੍ਹ ਵੱਲੋਂ ਪਰਿਵਾਰ ਦਾ ਬਹੁਤ ਧੰਨਵਾਦ ਅਤੇ ਹੋਰ ਤਰੱਕੀਆਂ ਅਤੇ ਖੁਸ਼ੀਆਂ ਲਈ ਸ਼ੁਭ ਇਛਾਵਾ।

**- ਸੰਪਾਦਕ**

# ਤੀਆਂ



"ਤੀਆਂ" ਸ਼ਬਦ, ਧੀਆਂ ਤੋਂ ਆਇਆ ਹੈ ?

ਮੈਂ ਕਹਾਂਗਾ, "ਹਾਂ" ।

ਬੋਲੀ ਜਦੋਂ ਲਿਖਤ ਵਿੱਚ ਆਉਂਦੀ ਹੈ ਤਾਂ ਇਹ ਉਚਾਰਨ ਦੇ ਢੰਗ ਢੱਲਦੀ ਹੈ। ਉਚਾਰਨ ਸੌਖ ਦੇ ਰਸਤੇ ਅੱਗੇ ਵੱਧਦਾ ਹੈ। ਜਿਸ ਨਾਲ ਸ਼ਬਦ ਮੂਲ ਧਾਰਨਾ ਨਾਲੋਂ ਵੱਖਰੇ ਬਣਨ ਲੱਗਦੇ ਹਨ। ਅਰਸੇ ਪਿੱਛੋਂ ਅਰਥ ਖੋਜਣੇ ਪੈਂਦੇ ਹਨ।

ਉਦਾਹਰਨ ਵਜੋਂ, ਸ਼ਬਦ, "ਦੋਹਤੀ", 'ਦੋ ਧੀ', 'ਧੀ ਦੀ ਧੀ' ਤੋਂ ਢੱਲਿਆ ਹੈ ।"ਧੀ" ਦਾ ਉਚਾਰਨ "ਤੀ" ਨਾਲੋਂ ਔਖਾ ਹੈ, ਇਸ ਲਈ "ਦੋ ਤੀ" ਤੋਂ ਵਿਗਸਿਆ ਸ਼ਬਦ ਹੈ : "ਦੋ ਹ ਤੀ"।ਇਸ ਦਾ ਉਚਾਰਨ ਸੌਖਾ ਹੈ।

ਇਸੇ ਤਰ੍ਹਾਂ "ਤੀਆਂ" ਸ਼ਬਦ ਦਾ ਮੂਲ "ਧੀਆਂ" ਹੈ।

'ਧ' ਦੀ ਥਾਂ 'ਤ' ਨੇ ਮੱਲੀ ਹੈ।

ਅਗਲਾ ਸਵਾਲ ਹੈ, "ਧੀਆਂ ਦਾ ਤਿਉਹਾਰ" ਜਾਂ "ਤੀਆਂ ਦਾ ਤਿਉਹਾਰ" ਕਿਉਂ ਹੈ?

"ਤਿਉਹਾਰ" ਕੀ ਹੈ ?

ਇਹ ਇਕ 'ਸੋਚ ਦੇ ਅਮਲ' ਦੀ ਸਮਾਜਕ ਪਰਤੀਤ, ਪ੍ਰਵਾਨਗੀ ਮਿਲ ਜਾਣਾ, ਸੱਭਿਆਚਾਰ ਬਣ ਜਾਣਾ ਹੈ। ਇਹ ਲੰਮੇ ਸਮੇਂ ਦਾ ਸਮਾਜਕ ਕਾਰਜ ਹੈ।

"ਤੀਆਂ", 'ਨਵ-ਵਿਆਹੀਆਂ ਧੀਆਂ ਦਾ ਤਿਉਹਾਰ', ਦਾ ਸਾਉਣ ਮਹੀਨੇ, ਸਹੁਰਿਆਂ ਦੇ ਪਿੰਡ ਦੀ ਥਾਂ, ਮਾਪਿਆ ਦੇ ਘਰ ਆਉਣਾ, ਜ਼ਰੂਰੀ ਕਿਉਂ ਬਣਿਆ?

"ਸੱਸ ਦੇ ਮੱਥੇ ਨਹੀਂ ਲੱਗੀਦਾ" ਆਦਿ।

ਦੂਜਾ ਪੱਖ : ਗਿੱਧਾ, ਨੱਚਣਾ-ਟੱਪਣਾ, ਪੀਂਘ ਝੂਟਣਾ, ਸਹੇਲੀਆਂ ਨੇ ਦੁੱਖ-ਸੁੱਖ ਸਾਂਝਾ ਕਰਨਾ, ਚਾਚੀਆਂ, ਤਾਈਆਂ ਅਤੇ ਵੱਡੀਆਂ ਭਰਜਾਈਆਂ ਨੇ ਚਿੱਤ ਲਵਾਉਣਾ , ਸਭਿਆਚਾਰਿਕ ਰੰਗ ਵਿੱਚ ਰੰਗਿਆ ਜਾਣਾ, ਗਿੱਧੇ ਦੀਆਂ ਬੋਲੀਆਂ ਚ "ਮੁਟਿਆਰ" ਦੇ ਮੂੰਹੋਂ ਬੋਲੀ ਪਾਉਣ ਤੱਕ ਪੁੱਜ ਜਾਣਾ :

"ਸਾਉਣ ਮਹੀਨੇ ਲੈਣ ਆ ਗਿਆ ਬਲਦ ਸਾਵੇ ਜੋੜ ਵੇ<br>
ਜਾ ਜਾ ਮੈਂ ਨੀ ਸਹੁਰੇ ਜਾਣਾ ਤੂੰ ਗੱਡੀ ਨੂੰ ਖਾਲੀ ਮੋੜ ਵੇ<br>
ਜਾ ਮੈਂ ਨੀ ਸਹੁਰੇ ਜਾਣਾ ਗੱਡੀ ਨੂੰ ਖਾਲੀ ਮੋੜ ਵੇ"।।

ਇਹ ਸਭਿਆਚਾਰ ਬਣ ਜਾਣ ਦੀ ਪੁਸ਼ਟੀ ਹੈ।

ਹਾਲਤਾਂ ਦੇ ਪਦਾਰਥਵਾਦੀ ਵਿਖਿਆਨ ਬਗੈਰ, ਇਹਨਾਂ ਸਵਾਲਾਂ ਦੇ ਸਹੀ ਜਵਾਬ ਮਿਲਣੇ ਮੁਸ਼ਕਲ ਹਨ।

ਮਨੁੱਖੀ ਇਤਿਹਾਸ ਵਿੱਚ ਖੇਤੀਬਾੜੀ ਟਿਕਾਊ ਸਮਾਜ ਦਾ ਮੁੱਖ ਲੱਛਣ ਹੈ ਕੋਈ 12 ਸੌ ਵਰ੍ਹੇ ਪਹਿਲਾਂ ਮਾਲਵਾ ਖਿੱਤੇ ਵਿੱਚ ਉਪਜੀਵਕਾ ਦਾ ਮੁੱਖ ਸਰੋਤ ਬਣੀ ਸੀ।

"ਤੀਆਂ" ਮਾਲਵਾ ਦਾ ਸਭਿਆਚਾਰ (ਤਿਉਹਾਰ) ਹੈ।

ਮਾਲਵਾ ਜਿੱਥੇ ਉਸ ਵੇਲੇ ਪਾਣੀ ਦੀ ਘਾਟ ਸੀ। ਬਰਾਨੀ-ਖੇਤੀ ਦਾ ਦੌਰ ਸੀ। ਇੱਕੋ ਹਾੜੀ ਦੀ ਫਸਲ ਹੁੰਦੀ ਸੀ। ਵਿਸਾਖ ਵਿੱਚ ਦਾਣੇ ਇਕੱਠੇ ਕਰਨ ਲਈ ਸਾਰਾ ਟੱਬਰ ਲੱਗਦਾ ਸੀ। ਮੁਸ਼ਕਲ ਨਾਲ ਸਾਲਾਨਾ ਲੋੜ ਦੀ ਪੂਰਤੀ ਦੇ ਦਾਣੇ ਜੁੜਦੇ ਸਨ।

ਇਸਤਰੀ ਜਿਸ ਨੇ ਪਸ਼ੂ ਪਾਲਣ ਦੌਰ ਵਿੱਚ ਪੱਠੇ ਪੈਦਾ ਕਰਨ ਲਈ, ਦਾਣੇ ਮਿੱਟੀ ਵਿੱਚ ਮਿਲਾ ਕੇ, ਪੱਠੇ ਪੈਦਾ ਕਰਨਾ ਸ਼ੁਰੂ ਕੀਤਾ ਸੀ, ਇਹ ਅਮਲ ਉਸ ਨੇ ਆਪਣੇ ਜਣੇਪੇ ਸਮੇਂ ਜੋੜੇ ਦਾਨਿਆਂ ਦੇ ਅਮਲ 'ਚੋਂ ਦੇਖਿਆ/ਸਿੱਖਿਆ ਸੀ। ਨਾਲ ਹੀ ਤਜ਼ਰਬੇ ਵਿੱਚੋਂ ਸਿੱਖ ਲਿਆ ਕਿ ਪੱਠੇ ਇਕ ਅਰਸੇ ਪਿੱਛੋਂ ਸਿੱਟੇ/ਦਾਣੇ ਵੀ ਬਣਦੇ ਹਨ।

ਔਰਤ ਪਸ਼ੂ ਪਾਲਣ ਦੇ ਨਾਲ ਨਾਲ ਦਾਣੇ ਪੈਦਾ ਕਰਨ ਲੱਗੀ।ਜੋ ਬਦਲਵੇਂ ਰੂਪ ਵਿੱਚ ਉਪਜੀਵਕਾ ਦਾ ਆਧਾਰ ਬਣੇ। ਖੇਤੀਬਾੜੀ ਦੀ ਦਾਤੀ (ਕਾਢਕਾਰ) ਔਰਤ ਹੈ।

"ਸਾਉਣ" ਮਹੀਨੇ, ਨਵ-ਵਿਆਹੀ ਧੀ (ਧੀਆਂ) ਦਾ ਮਾਪਿਆ ਦੇ ਘਰ ਹੋਣਾ, 'ਸੱਸ ਦੇ ਮੱਥੇ ਨਾ ਲੱਗਣਾ' ਆਦਿ, ਕੀ ਮਾਮਲਾ ਸੀ?

ਇਸ ਦੀ ਪਿੱਠ ਭੂਮੀ ਵਿਚ, ਫਸਲ ਦੇ ਪੱਕਣ ਅਤੇ ਬੱਚੇ ਦੇ ਜਨਮ ਲੈਣ ਦੇ ਗੇੜ ਦਾ ਹਿਸਾਬ, ਲੇਖਾ ਜੋਖਾ ਹੈ।

ਇਸ ਸੋਚ-ਅਮਲ ਨੂੰ, ਆਰਥਕਤਾ (ਉਪਜੀਵਕਾ) ਨਿਰਧਾਰਤ ਕਰਦੀ ਹੈ। ਪਦਾਰਥਕ ਹਾਲਤਾਂ ਸਮਾਜਕ ਵਿਚਾਰ ਬਣਾਉਂਦੀਆਂ, ਸੱਭਿਆਚਾਰ ਸਿਰਜਦੀਆਂ ਹਨ। ਇਹਨਾਂ ਨੂੰ ਨਜ਼ਰ ਅੰਦਾਜ ਨਹੀਂ

ਕੀਤਾ ਜਾ ਸਕਦਾ। ਦਾਣੇ ਇਕੱਠੇ ਕਰਨ ਦਾ ਮਹੀਨਾ ਵਿਸਾਖ ਹੈ। ਜੇ ਔਰਤ ਨੂੰ ਵਿਸਾਖ ਮਹੀਨੇ ਜਨੇਪਾ ਆ ਜਾਵੇ ਤਾਂ ਉਸ ਨੂੰ ਸੰਭਾਲ ਕਰਨ ਲਈ ਇਕ ਹੋਰ ਔਰਤ ਦੀ ਲੋੜ ਪੈਂਦੀ ਸੀ। ਪਹਿਲਾ ਜਨੇਪਾ ਬਹੁਤ ਨਾਜਕ, ਮੁਸ਼ਕਲ ਭਰਿਆ ਹੁੰਦਾ ਹੈ/ਸੀ। ਦਾਣੇ ਇਕੱਠੇ ਕਰਨ ਵਿੱਚ ਆਈਆਂ ਮੁਸ਼ਕਲਾਂ, ਸਾਲ ਭਰ ਲਈ ਰੋਟੀ, ਉਪਜੀਵਕਾ ਦੀਆਂ ਮੁਸ਼ਕਲਾਂ ਬਣ ਜਾਂਦੀਆਂ ਸਨ। ਆਰਥਿਕਤਾ ਬਰਾਨੀ ਖੇਤੀ ਦੀ ਸੀ।

ਨਵ ਵਿਆਹੀ ਧੀ, ਬੱਚੇ ਦੀ ਪੈਦਾਇਸ ਦੀ ਪੂਰੀ-ਪ੍ਰਕਿਰਿਆ ਤੋਂ ਅਣਜਾਣ ਹੁੰਦੀ ਹੈ/ਸੀ।

ਵਿਸਾਖ ਵਿੱਚ (ਪਹਿਲਾ) ਜਨੇਪਾ ਟਾਲਿਆ ਜਾਵੇ, ਇਹ ਲੋੜ ਬਣ ਗਈ ਸੀ। "ਧੀਆਂ ਦਾ ਤਿਉਹਾਰ" ਕਰੀਬ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਜਨੇਪਾ ਰੋਕਣ ਲਈ, "ਮਾਂ" ਜਾਣਦੀ ਸੀ ਕਿ ਬੱਚੇ ਦੀ ਪੈਦਾਇਸ਼ ਦਾ ਸਮਾਂ 9 ਮਹੀਨੇ ਦਾ ਹੈ। ਅਗਰ ਵਿਸਾਖ ਵਿੱਚ ਬੱਚੇ ਦੀ ਪੈਦਾਇਸ਼ ਟਾਲਣੀ ਹੈ ਤਾਂ 9 ਮਹੀਨੇ ਪਹਿਲਾਂ (ਸਾਉਣ ਮਹੀਨੇ 'ਚ) ਧੀ (ਧੀਆਂ) ਸਹੁਰਿਆਂ ਘਰ ਨਹੀਂ, ਮਹੀਨੇ ਲਈ, ਮਾਪਿਆ ਦੇ ਘਰ ਹੋਣ ਤਾਂ ਪਤੀ-ਪਤਨੀ ਮੇਲ ਨਹੀਂ ਹੋਵੇਗਾ। ਨਤੀਜੇ ਵਜੋਂ ਵਿਸਾਖ ਵਿੱਚ ਬੱਚਾ ਨਹੀਂ ਹੋਵੇਗਾ।

ਇਹ ਸੋਚ (ਸੋਚ ਹਾਲਤਾਂ ਦੀ ਉਪਜ ਹੁੰਦੀ ਹੈ) ਸਭ ਦੇ ਹਿੱਤ ਪੂਰਦੀ ਸੀ। ਇਸ ਨੂੰ ਅਮਲ ਵਿੱਚ ਹੁੰਗਾਰਾ ਮਿਲਿਆ। ਧੀਆਂ ਸਭ ਦੇ ਸਨ, ਜੋ ਇਹ ਸਮਾਜਕ ਵਰਤਾਰਾ ਬਣਿਆ।

ਨਵ-ਵਿਆਹੀਆਂ ਧੀਆਂ ਸਾਉਣ ਮਹੀਨੇ (ਜੋ ਕੁਦਰਤ ਵਿੱਚ ਸੁਹਾਵਣਾ ਹੈ) ਪਤੀ ਤੋਂ ਦੂਰ, ਮਾਪਿਆ ਦੇ ਘਰ ਹੋਣਾ, ਉਹ ਵੀ ਮਹੀਨਾ-ਭਰ, ਮਨ ਨੂੰ ਉਚਾਟ ਕਰਦਾ ਸੀ। ਪਰ ਹਾਲਤਾਂ ਅੱਗੇ ਬੇਬਸੀ ਤੇ ਮਜਬੂਰੀ ਸੀ। ਹਾਲਤਾਂ ਨੇ ਉਸ ਨੂੰ ਢਾਲ ਦਿੱਤਾ।

ਮਾਪਿਆ-ਸਹੁਰਿਆਂ ਨੇ ਇਸ ਵਿੱਚ ਸਹਿਯੋਗ ਕੀਤਾ। ਇਹ ਐਵੇਂ ਕਰਕੇ ਨਹੀਂ ਵਾਪਰ ਗਿਆ ਕਿ "ਤੀਆਂ" ਭਾਵ ਧੀਆਂ ਨੂੰ ਸੰਧਾਰਾ (ਸੀਧਾ-ਪੱਤਾ) ਭੇਜਿਆ ਜਾਂਦਾ ਹੈ, ਪਰ ਪਹਿਲਾ ਸੰਧਾਰਾ, ਸਹੁਰਿਆਂ ਵੱਲੋਂ ਨੂੰਹ ਨੂੰ ਉਸ ਦੇ ਮਾਪਿਆ ਘਰ ਭੇਜਿਆ ਜਾਣਾ, ਦਾ ਮਤਲਬ ਸੀ, ਨਵ-ਵਿਆਹੀਆਂ ਸਾਉਣ ਮਹੀਨੇ ਮਾਪਿਆਂ ਦੇ ਘਰ ਹੋਣਗੀਆਂ, ਨੂੰ ਮਾਣ-ਤਾਣ ਮਿਲ ਚੁੱਕਾ ਸੀ। ਬਾਕੀ ਸੰਧਾਰੇ ਮਾਪਿਆ ਵੱਲੋਂ ਧੀ ਨੂੰ ਉਸ ਦੇ ਸਹੁਰਿਆਂ ਘਰ ਦਿੱਤੇ ਜਾਂਦੇ ਹਨ। ਸੋ "ਧੀਆਂ ਦਾ ਤਿਉਹਾਰ" ਜਾਂ "ਤੀਆਂ" ਉਪਜੀਵਕਾ ਦੇ ਸਾਧਨ ਬਦਲ ਜਾਣ ਨਾਲ ਅਤੇ ਸਮਾਜ ਦੇ ਗਿਆਨਵਾਨ ਹੋਣ ਨਾਲ ਆਪਣੀ ਇਤਿਹਾਸਕ ਹੋਣੀ ਦੇ ਰਾਹ ਜਾ ਰਿਹਾ ਹੈ।

ਔਰਤ ਦੀ ਮਹਾਨ ਕੁਰਬਾਨੀ ਨੂੰ ਸਲਾਮ ਹੈ !

ਇਤਿਹਾਸ ਬੇਕਿਰਕ ਹੈ !!

ਖੁਸ਼ੀ ਜਾਂ ਗ਼ਮੀ !!!

**ਮੂਲ ਲੇਖਕ**
**ਜਗਰੂਪ ਸਿੰਘ**
**ਸ੍ਰੀ ਮੁਕਤਸਰ ਸਾਹਿਬ**

● ● ●

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਰੋਜ਼ਾਨਾ ਜੀਵਨ ਦੀਆਂ ਆਮ ਸਰੀਰਕ ਤਕਲੀਫ਼ਾਂ ਦੂਰ ਕਰਨ ਲਈ ਕੁਝ ਸਾਧਾਰਨ ਕਸਰਤਾਂ

ਨਵਪ੍ਰੀਤ ਕੌਰ

ਸਾਡਾ ਸਰੀਰ ਦਿਨ ਭਰ ਦੇ ਕੰਮਾਂਕਾਰਾਂ ਦੌਰਾਨ ਕਈ ਤਰ੍ਹਾਂ ਦੇ ਸਰੀਰਕ ਅਤੇ ਮਾਨਸਿਕ ਤਣਾਅ ਝੱਲਦਾ ਹੈ ਅਤੇ ਕਈ ਵਾਰ ਇਹ ਤਣਾਅ ਸਰੀਰ ਦੇ ਕਿਸੇ ਖਾਸ ਹਿੱਸੇ ਵਿਚ ਸਾਧਾਰਨ ਨਾਲੋਂ ਵੱਧ ਤਕਲੀਫ਼ ਪੈਦਾ ਕਰਨ ਲੱਗਦਾ ਹੈ। ਲਗਾਤਾਰ ਕਸਰਤ ਦੇ ਜ਼ਰੀਏ ਸਰੀਰ ਵਿਚ ਪੈਦਾ ਹੋਣ ਵਾਲੀਆਂ ਕਈ ਸਮੱਸਿਆਵਾਂ ਨੂੰ ਬੜੀ ਅਸਾਨੀ ਨਾਲ ਹੱਲ ਕੀਤਾ ਜਾ ਸਕਦਾ ਹੈ। ਸ਼ੁਰੂ ਵਿਚ ਮਾਮੂਲੀ ਲੱਗਣ ਵਾਲੀਆਂ ਇਨ੍ਹਾਂ ਤਕਲੀਫ਼ਾਂ ਨੂੰ ਜੇਕਰ ਅਣਗੌਲਿਆ ਕੀਤਾ ਜਾਵੇ ਤਾਂ ਅੱਗੇ ਜਾ ਕੇ ਕਿਸੇ ਗੰਭੀਰ ਬੀਮਾਰੀ ਦਾ ਕਾਰਨ ਵੀ ਬਣ ਸਕਦੀਆਂ ਹਨ। ਅੱਗੇ ਦਿੱਤੀਆਂ ਕਸਰਤਾਂ ਆਮ ਤੌਰ 'ਤੇ ਬਹੁਤ ਸੁਰੱਖਿਅਤ ਹਨ ਪਰ ਜੇਕਰ ਕਿਸੇ ਕਸਰਤ ਨਾਲ ਇਕ ਦਮ ਤੇਜ਼ ਦਰਦ ਪੈਦਾ ਹੁੰਦਾ ਹੈ ਜਾਂ ਕਸਰਤ ਕਰਨ ਤੋਂ ਕਈ ਘੰਟੇ ਬਾਅਦ ਵੀ ਦਰਦ ਕਾਇਮ ਰਹਿੰਦਾ ਹੈ ਤਾਂ ਕਸਰਤ ਬੰਦ ਕਰਕੇ ਡਾਕਟਰ ਦੀ ਸਲਾਹ ਲਉ। ਸ਼ੁਰੂ ਵਿਚ ਕਸਰਤ ਕਰਨ ਨਾਲ ਸਰੀਰ ਵਿਚ ਹਲਕਾ ਥਕਾਵਟ ਨੁਮਾ ਦਰਦ ਹੋਣਾ ਸੁਭਾਵਿਕ ਹੈ ਅਤੇ ਇਹ ਕੁਝ ਸਮੇਂ ਬਾਅਦ ਆਪਣੇ ਆਪ ਗਾਇਬ ਹੋ ਜਾਂਦਾ ਹੈ।

ਆਮ ਤੌਰ 'ਤੇ ਕਸਰਤ ਦੋ ਤਰ੍ਹਾਂ ਦੀ ਹੋ ਸਕਦੀ ਹੈ :

1. ਪਹਿਲੀ ਜੋ ਮਾਸਪੇਸ਼ੀਆਂ ਨੂੰ ਖਿੱਚ ਕੇ ਫੈਲਾਉਂਦੀ ਹੈ। ਇਸ ਕਸਰਤ ਨਾਲ ਮਾਸਪੇਸ਼ੀਆਂ ਦੀ ਲਚਕਤਾ ਵੱਧਦੀ ਹੈ ਅਤੇ ਜੋੜਾਂ ਦੀ ਹਰਕਤ ਦੀ ਸੀਮਾਂ ਵਿਚ ਵੀ ਸੁਧਾਰ ਹੁੰਦਾ ਹੈ। ਰੋਜ਼ਾਨਾ ਕਰਨ ਨਾਲ ਸਰੀਰ ਵਿਚ ਹੋਣ ਵਾਲੇ ਜੋੜਾਂ ਅਤੇ ਮਾਸਪੇਸ਼ੀਆਂ ਦੇ ਦਰਦ ਦਾ ਖ਼ਤਰਾ ਕਾਫੀ ਘੱਟ ਜਾਂਦਾ ਹੈ।

2. ਦੂਸਰੀ ਤਰ੍ਹਾਂ ਦੀ ਕਸਰਤ ਮਾਸਪੇਸ਼ੀਆਂ ਦੀ ਤਾਕਤ ਵਧਾਉਣ ਵਿਚ ਸਹਾਈ ਹੁੰਦੀ ਹੈ। ਮਜ਼ਬੂਤ ਮਾਸਪੇਸ਼ੀਆਂ ਜੋੜਾਂ ਨੂੰ ਸਥਿਰਤਾ ਪ੍ਰਦਾਨ ਕਰਕੇ ਕਿਸੇ ਨੁਕਸਾਨ ਤੋਂ ਬਚਾਉਂਦੀਆਂ ਹਨ।

ਦੋਹਾਂ ਹੀ ਤਰ੍ਹਾਂ ਦੀਆਂ ਕਸਰਤਾਂ ਜੋੜਾਂ ਅਤੇ ਮਾਸਪੇਸ਼ੀਆਂ ਦੀ ਤਕਲੀਫ ਦੂਰ ਕਰਨ ਲਈ ਇਕੋ ਜਿਹੀਆਂ ਲਾਭਵੰਦ ਹਨ।

**ਗਰਦਨ ਦੀ ਤਕਲੀਫ਼** - ਗਰਦਨ ਵਿਚ ਦਰਦ ਦੇ ਕਈ ਕਾਰਨ ਹੋ ਸਕਦੇ ਹਨ। ਇਹ ਦਰਦ ਅਚਾਨਕ ਮਾਸਪੇਸ਼ੀਆਂ ਦੇ ਕਿਸੇ ਦਬਾਅ ਹੇਠ ਆਉਣ ਜਾਂ ਝਟਕਾ ਲੱਗਣ ਕਾਰਨ ਹੋ ਸਕਦਾ ਹੈ ਜੋ ਆਮ ਤੌਰ 'ਤੇ ਕੁਝ ਸਮੇਂ ਬਾਅਦ ਠੀਕ ਹੋ ਜਾਂਦਾ ਹੈ। ਗਰਦਨ ਦੇ ਮਣਕਿਆਂ ਵਿਚ ਵਿਗਾੜ ਕਾਰਨ ਹੋਣ ਵਾਲਾ ਦਰਦ ਕਈ ਵਾਰ ਲੰਮੇ ਸਮੇਂ ਤੱਕ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ। ਕੁਝ ਹਲਕੀਆਂ ਕਸਰਤਾਂ ਦਰਦ ਨੂੰ ਘਟਾਉਣ ਵਿਚ ਮੱਦਦ ਕਰਦੀਆਂ ਹਨ। ਜੇਕਰ ਤਕਲੀਫ਼ ਜ਼ਿਆਦਾ ਹੈ ਜਾਂ ਬਹੁਤ ਲੰਮੇ ਸਮੇਂ ਤੋਂ ਹੈ ਤਾਂ ਡਾਕਟਰ ਨਾਲ ਸਲਾਹ ਕਰਕੇ ਸਹੀ ਕਾਰਨ ਦਾ ਪਤਾ ਲਗਾਉਣਾ ਅਤੇ ਕਸਰਤ ਦੀਆਂ ਸਾਵਧਾਨੀਆਂ ਬਾਰੇ ਸੁਝਾਅ ਜ਼ਰੂਰ ਲੈਣਾ ਚਾਹੀਦਾ ਹੈ। ਤਕਲੀਫ਼ ਦੂਰ ਹੋਣ ਤੋਂ ਬਾਅਦ ਵਿਚ ਵੀ ਇਹ ਕਸਰਤਾਂ ਜਾਰੀ ਰੱਖਣ ਨਾਲ ਗਰਦਨ ਦੀ ਪ੍ਰੇਸ਼ਾਨੀ ਦੁਬਾਰਾ ਹੋਣ ਤੋਂ ਬਚਿਆ ਜਾ ਸਕਦਾ ਹੈ।

**ਗਰਦਨ ਦੀ ਲਚਕਤਾ ਜਾਂ ਹਰਕਤ ਦੀ ਸੀਮਾ ਵਧਾਉਣ ਲਈ ਕਸਰਤ -** ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਬਿਲਕੁਲ ਸਿੱਧੀ ਰਹੇ ਅਤੇ ਗਰਦਨ ਜਾਂ ਮੋਢਿਆਂ ਵਿਚ ਕਿਸੇ ਕਿਸਮ ਦਾ ਤਣਾਅ ਪੈਦਾ ਨਹੀਂ ਹੋਣਾ ਚਾਹੀਦਾ। ਕਸਰਤ ਦੀ ਹਰ ਹਰਕਤ ਨਿਯੰਤਰਿਤ ਤਰੀਕੇ ਨਾਲ ਕਰਨੀ ਵੀ ਬਹੁਤ ਜ਼ਰੂਰੀ ਹੈ। ਇਹ ਕਸਰਤ ਦਿਨ ਵਿਚ 2-3 ਵਾਰ ਕਰਨ ਦੀ ਕੋਸ਼ਿਸ਼ ਕਰੋ।

* ਠੋਡੀ ਨੂੰ ਛਾਤੀ ਦੇ ਨਾਲ ਲਗਾਉ ਅਤੇ ਫਿਰ ਜਿੰਨਾ ਹੋ ਸਕੇ ਠੋਡੀ ਨੂੰ ਉੱਪਰ ਚੁੱਕੋ। ਇਹ ਹਰਕਤ 6-7 ਵਾਰ ਦੁਹਰਾਉ।

* ਗਰਦਨ ਘੁਮਾ ਕੇ ਠੋਡੀ ਨੂੰ ਖੱਬੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਦੂਸਰੇ ਪਾਸੇ ਘੁਮਾ ਕੇ ਸੱਜੇ ਮੋਢੇ ਵੱਲ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਨੂੰ 6-7 ਵਾਰ ਦੁਹਰਾਉ।

* ਖੱਬੇ ਕੰਨ ਨੂੰ ਖੱਬੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ ਅਤੇ ਫਿਰ ਸੱਜੇ ਕੰਨ ਨੂੰ ਸੱਜੇ ਮੋਢੇ ਤੱਕ ਜਿੱਥੋਂ ਤੱਕ ਹੋ ਸਕੇ ਲੈ ਕੇ ਜਾਉ। ਇਸ ਹਰਕਤ ਸਮੇਂ ਧਿਆਨ ਰਹੇ ਕਿ ਮੋਢਾ ਉੱਪਰ ਨੂੰ ਨਹੀਂ ਚੁੱਕਿਆ ਜਾਣਾ ਚਾਹੀਦਾ। ਇਹ ਹਰਕਤ ਵੀ 6-7 ਵਾਰ ਦੁਹਰਾਉ।

**ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਲਈ ਕਸਰਤ -** ਇਹ ਕਸਰਤ ਸਿੱਧੇ ਖੜ੍ਹੇ ਹੋ ਕੇ ਜਾਂ ਕੁਰਸੀ 'ਤੇ ਬੈਠ ਕੇ ਵੀ ਕੀਤੀ ਜਾ ਸਕਦੀ ਹੈ। ਕਸਰਤ ਕਰਦੇ ਸਮੇਂ ਪਿੱਠ ਅਤੇ ਗਰਦਨ ਬਿਲਕੁਲ ਸਿੱਧੀ ਰੱਖੋ। ਮੋਢੇ ਪਿੱਛੇ ਅਤੇ ਤਣਾਅ ਰਹਿਤ ਰਹਿਣੇ ਚਾਹੀਦੇ ਹਨ। ਦਿਨ ਵਿਚ 2-3 ਵਾਰ ਕੀਤੀ ਇਹ ਕਸਰਤ ਗਰਦਨ ਦੀਆਂ ਮਾਸਪੇਸ਼ੀਆਂ ਦੀ ਮਜ਼ਬੂਤੀ ਵਧਾਉਣ ਵਿਚ ਬਹੁਤ ਸਹਾਈ ਹੁੰਦੀ ਹੈ।

1. ਸੱਜੇ ਹੱਥ ਨੂੰ ਸਿਰ ਦੇ ਸੱਜੇ ਪਾਸੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਖੱਬੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

2. ਖੱਬੇ ਹੱਥ ਨੂੰ ਸਿਰ ਦੇ ਖੱਬੇ ਪਾਸੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਸੱਜੇ ਪਾਸੇ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

3. ਦੋਵੇਂ ਹੱਤ ਜਾਂ ਇਕ ਹੱਥ ਮੱਥੇ ਠਤੇ ਰੱਖ ਕੇ ਹਲਕਾ ਦਬਾਉ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਪਿੱਛੇ ਵੱਲ ਝੁਕਣ ਤੋਂ ਰੋਕੇ। 10 ਸਕਿੰਟ ਵਿਚ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

4. ਦੋਵੇਂ ਹੱਥ ਜਾਂ ਇਕ ਹੱਥ ਸਿਰ ਦੇ ਪਿੱਛੇ ਰੱਖ ਕੇ ਹਲਕਾ ਦਬਾਅ ਪਾਉ। ਗਰਦਨ ਦੀ ਤਾਕਤ ਨਾਲ ਸਿਰ ਨੂੰ ਅੱਗੇ ਵੱਲ ਝੁਕਣ ਤੋਂ ਰੋਕੋ। 10 ਸਕਿੰਟ ਲਈ ਇਸ ਅਵਸਥਾ ਵਿਚ ਰਹੋ ਅਤੇ ਇਸ ਕਸਰਤ ਨੂੰ ਪੰਜ ਵਾਰ ਦੁਹਰਾਉ।

# ਕਾਵਿ–ਕਿਆਰੀ

## ਕਵਿਤਾ / ਕਵਿਤਾ - ਵਾਹ ਦੋਸਤ !

**ਸੁਰਿੰਦਰ ਮਕਸੂਦਪੁਰੀ**



ਵਾਹ ਦੋਸਤ !
ਤੁਸੀਂ ਆਏ
ਤੁਹਾਡੀ ਖੁਸ਼ਆਮਦੀਦ
ਤੇ ਦਰਸ਼ਨੀ ਦੀਦ–ਦੀਦਾਰਿਆਂ ਸੰਗ
ਮੇਰੇ ਘਰ ਦੀ ਫੁਲਵਾੜੀ
ਵਿਚਾਰੀ ਪੱਤਝੜ ਦੀ ਮਾਰੀ
ਬਹਾਰੋ ਬਹਾਰ ਹੋ ਗਈ
ਵਿਹੜੇ ਦੇ ਉਦਾਸ ਰੁੱਖੜੇ 'ਤੇ
ਖ਼ੁਸ਼ੀਆਂ ਦੇ ਫੁੱਲ ਖਿੜ ਗਏ
ਘਰ ਦੇ ਮੁੱਖੜੇ ਦੇ ਗੁਲਾਬ
ਟਹਿਕ–ਟਹਿਕ ਉੱਠੇ
ਮਨ ਦੀ ਮੌਲਸਰੀ ਮੌਲ ਉੱਠੀ

ਖਿੜ ਆਈਆਂ
ਕੰਡਿਆਲੀਆਂ ਥੋਹਰਾਂ
ਝੂਮ ਉੱਠੀਆਂ
ਰੁੱਸੀਆਂ ਗੁਲਮੋਹਰਾਂ

ਮੱਸਿਆ ਦੀ ਕਾਲ਼ੀ ਰਾਤੇ
ਜਿਉਂ ਚਿੱਟਾ ਚੰਨ ਚੜ੍ਹ ਆਇਆ
ਕਮਰੇ ਦੀ ਕਾਲਖ਼
ਤੇ ਸੁੱਤੀਆਂ ਦੀਵਾਰਾਂ ਦੀ ਚੁੱਪ
ਸੱਜਰੇ ਦੁੱਧ ਜੇਹਾ
ਚਾਨਣ ਹੋ ਗਈ
ਖੁਸ਼ਬੂ–ਖੁਸ਼ਬੂ ਹੋ ਗਿਆ
ਘਰ ਦਾ ਕੋਨਾ–ਕੋਨਾ

ਵਾਹ ਦੋਸਤ !
ਤੁਸੀਂ ਗਏ
ਬਹਾਰ ਗਈ
ਪੱਤਝੜ ਨੇ ਪ੍ਰਵੇਸ਼ ਕੀਤਾ
ਹੱਸਦੇ, ਮਹਿਕਦੇ ਫੁੱਲ
ਪੱਥਰ ਹੀ ਪੱਥਰ ਹੋ ਗਏ
ਪਥਰਾਏ ਫੁੱਲਾਂ ਦੇ ਕੰਡੇ/ਡਾਲੀਆਂ
ਬਣ ਕੇ ਖ਼ੰਜਰ
ਸੋਗੀ ਦੀਵਾਰਾਂ ਦੇ ਪਿੰਡੇ ਪੁੜ ਗਏ
ਕਮਰੇ ਦਾ ਦੁੱਧ ਚਿੱਟਾ ਚਾਨਣ
ਮੁੜ ਕਾਲ਼ਾ ਹਨੇਰਾ ਹੋ ਗਿਆ


ਵਾਹ ਦੋਸਤ !
ਕੇਹੇ ਨੇ ਇਹ
ਵਸਲਾਂ ਦੇ ਤਲਿਸਮੀ ਰੰਗ
ਕੇਹੇ ਨੇ ਇਹ
ਵਿਛੋੜੇ ਦੇ ਵਿਹੁਲੇ ਡੰਗ !

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

*****

## ਕਵਿਤਾ/ ਮੇਰੀ ਮੌਤ ਜਦ ਆਵੇ.....

**ਰਤਨ ਟਾਹਲਵੀ**



ਮੇਰੀ ਮੌਤ ਜਦ ਆਵੇ ਕਿਸੇ ਹੰਝੂ ਨਹੀਂ ਵਹਾਉਣਾ।
ਮੇਰੀ ਅਰਥੀ ਦੇ ਪਿੱਛੋਂ ਕਿਸੇ ਸੋਗ ਨਹੀਂ ਮਨਾਉਣਾ।

ਮੇਰੀ ਅਰਥੀ ਨੂੰ ਮੋਢਾ ਚਾਰ ਮਿੱਤਰਾਂ ਨੇ ਲਾਉਣਾ।
ਕਿਸੇ ਕ੍ਰਿਤਘਣ ਤਾਈਂ ਮੇਰਾ ਮੁੱਖ ਨਹੀਂ ਵਿਖਾਉਣਾ।
ਮਿੱਟੀ ਬਣੇ ਹੋਏ ਸਰੀਰ ਨੂੰ ਹੱਥ ਨਹੀਂ ਛੁਹਾਉਣਾ।
ਮੇਰੀ ਅਰਥੀ ਦੇ ਪਿੱਛੇ ਕਿਸੇ ਸੋਗ ਨਹੀਂ ਮਨਾਉਣਾ.....

ਮੇਰੀ ਚਿਖ਼ਾ ਨੂੰ ਦਵਿੰਦਰਾ ਵਰਿੰਦਰਾ ਤੁਸੀਂ ਅਗਨ ਵਿਖਾਉਣਾ,
ਸ਼ਾਇਦ ਕਿਸੇ ਜਨਮ ਮੇਲ ਸਾਡਾ ਰੱਬ ਨੇ ਕਰਾਉਣਾ।
ਇਹ ਦੁਨੀਆ ਫ਼ਾਨੀ ਪੁੱਤੋ ਦਿਲ ਨਹੀਂ ਭੁਲਾਉਣਾ।
ਮੇਰੀ ਅਰਥੀ ਦੇ ਪਿੱਛੇ ਕਿਸੇ ਸੋਗ ਨਹੀਂ ਮਨਾਉਣਾ.....

ਮੇਰੀ ਰਾਖ ਇਕੱਠੀ ਕਰ, ਬਿਆਸ ਦਰਿਆ ’ਚ ਵਹਾਉਣਾ,
ਫਿਰ ਕਿਸੇ ਜਨਮ ਵੀ ਨਾ, ਟਾਹਲੀ ਫੇਰਾ ਪਾਉਣਾ।
ਮੇਰੀ ਯਾਦ ਆਉਣ ਪਿੱਛੋਂ ਮੇਰਾ ਪਿੰਡ ਚੇਤੇ ਆਉਣਾ।
ਮੇਰੀ ਅਰਥੀ ਦੇਂ ਪਿੱਛੇ ਕਿਸੇ ਸੋਗ ਨਹੀਂ ਮਨਾਉਣਾ.....

ਮੇਰੇ ਭੋਗ ਉੱਤੇ ਨਹੀਉਂ ਕਿਸੇ ਨੇਤਾ ਨੂੰ ਬੁਲਾਉਣਾ,
ਮੇਰੀ ਆਖਰੀ ਏ ਖ਼ਾਹਿਸ਼ ਮੇਰੀ ਸਿਫ਼ਤ ਨਹੀਂ ਕਰਾਉਣਾ।
ਰਤਨ ਟਾਹਲੀ ਪਿੰਡ ਸੱਦ ਕਵੀ ਦਰਬਾਰ ਏ ਕਰਾਉਣਾ।
ਮੇਰੀ ਅਰਥੀ ਦੇਂ ਪਿੱਛੇ ਕਿਸੇ ਸੋਗ ਨਹੀਂ ਮਨਾਉਣਾ.....

* * * * *

## ਪੁੱਤ ਦਾ ਵਿਆਹ

ਬੜੇ ਚਾਵਾਂ ਨਾਲ ਪੁੱਤ ਦਾ ਵਿਆਹ ਕਰਕੇ,
ਭੰਗੜਾ ਡੀ.ਜੇ. ਦੀ ਤਾਲ ਤੇ ਪਾਂਵਦੇ ਨੇ,
ਨਵੀਂ ਵਹੁਟੀ ਦਾ ਹੱਥ ਸਭ ਫੜ-ਫੜ ਕੇ,
ਭੰਗੜਾ ਪਾਉਂਦੇ ਤੇ ਫੋਟੋ ਖਿਚਵਾਂਵਦੇ ਨੇ।

ਥੋੜ੍ਹੇ ਦਿਨਾਂ ਵਿੱਚ ਸਭ ਹਾਲਾਤ ਬਦਲਣ,
ਨੱਕ ਬੁੱਲ੍ਹ ਫਿਰ ਸਭ ਚੜ੍ਹਾਂਵਦੇ ਨੇ,
ਨੂੰਹ ਸੱਸ ਇੱਕ ਦੂਜੇ ਤੋਂ ਦੁਖੀ ਹੋ ਕੇ,
ਗੱਲਾਂ ਨਿੱਤ ਫਿਰ ਨਵੀਆਂ ਬਣਾਂਵਦੇ ਨੇ।

ਸੱਸ ਸਹੁਰੇ ਨੂੰ ਨਾ ਕੁਝ ਪਸੰਦ ਆਉਂਦਾ,
ਹਰ ਕੰਮ ਵਿੱਚ ਨੁਕਸ ਗਿਨਾਂਵਦੇ ਨੇ,
ਤੰਗ ਆ ਕੇ ਇੱਕ ਦਿਨ ਨੂੰਹ ਰਾਣੀ ਜੀ,
ਪੇਕੇ ਜਾਣ ਦੀ ਧਮਕੀ ਸੁਣਾਂਵਦੇ ਨੇ।

ਬੁੱਢੜੀ ਨੇ ਇਹ ਕੀਤਾ ਤੇ ਉਹ ਕੀਤਾ,
ਨੂੰਹ ਰਾਣੀ ਜੀ ਵੀ ਜ਼ੁਬਾਨ ਲੜਾਂਵਦੇ ਨੇ,
ਸ਼ਾਮ ਨੂੰ ਪਤੀ ਜੀ ਨੂੰ ਚੰਗੀ ਚੁੱਕ ਦੇ ਕੇ,
ਬੇਬੇ ਬਾਪੂ ਨਾਲ ਪੰਗਾ ਪਵਾਂਵਦੇ ਨੇ।

ਮੌਕਾ ਦੇਖ ਕੇ ਕੰਨਾਂ ਦੇ ਕੱਚੇ ਕੋਲੇ,
ਮਾਂ ਬਾਪ ਵੀ ਭੜਾਸ ਕਢਾਂਵਦੇ ਨੇ,
ਡੰਡਾ ਫੜਾ ਕੇ ਪੁੱਤ ਹੱਥ ਤੂਤ ਵਾਲਾ,
ਨੂੰਹ ਰਾਣੀ ਦੇ ਪਾਸੇ ਸਿਕਾਂਵਦੇ ਨੇ।

ਸ਼ੁਰੂ ਹੁੰਦਾ ਬਰਬਾਦੀ ਦਾ ਫਿਰ ਮੰਜਰ,
ਕਲੇਸ਼ ਘਰ ਵਿੱਚ ਨਿਤ ਵਧਾਂਵਦੇ ਨੇ,
ਇਕ ਦੂਜੇ ਦੇ ਫਿਰ ਫੋਲ ਪਰਦੇ,
ਘਰ ਨੂੰ ਸਵਰਗ ਤੋਂ ਨਰਕ ਬਣਾਂਵਦੇ ਨੇ।

ਗੱਲ ਨਿਬੜਦੀ ਦੇਖ ਨਾ ਵਿੱਚ ਪੰਚਾਇਤਾਂ,
ਥਾਣੇ ਕੋਟ ਤੱਕ ਪਹੁੰਚ ਕਰਾਂਵਦੇ ਨੇ,
ਜੇਬਾਂ ਆਪਣੀਆਂ ਕਰਾ ਕੇ ਸਭ ਖਾਲੀ,
ਥਾਣੇਦਾਰ ਵਕੀਲਾਂ ਦੀਆਂ ਜੇਬਾਂ ਭਰਾਂਵਦੇ ਨੇ।

ਕਈ ਕਰ ਲੈਂਦੇ ਫੈਸਲਾ ਰੱਖ ਕੁਝ ਸ਼ਰਤਾਂ,
ਕਈ ਤਲਾਕਾਂ ਤੱਕ ਗੱਲ ਪਹੁੰਚਾਂਵਦੇ ਨੇ,
ਤਲਾਕ ਹੋਣ ਤੇ ਦੋਨੋਂ ਅਲੱਗ ਹੋ ਕੇ,
ਆਪਣੇ ਬੱਚਿਆਂ ਨੂੰ ਯਤੀਮ ਬਣਾਂਵਦੇ ਨੇ।

ਨੂੰਹਾਂ, ਸੱਸ ਸਹੁਰੇ ਨੂੰ ਜੇਕਰ ਸਮਝਣ ਮਾਪੇ,
ਘਰ ਕਿਸੇ ਦੇ ਨਾ ਇਹ ਹਾਲਾਤ ਹੋਵਣ,
ਸੱਸ ਸਹੁਰਾ ਵੀ ਜੇਕਰ ਨੂੰਹ ਨੂੰ ਧੀ ਸਮਝਣ,
ਨੂੰਹ ਪੁੱਤ ’ਚ ਨਾ ‘ਸੁਖਵਿੰਦਰ’ ਤਲਾਕ ਹੋਵਣ।



**ਸੁਖਵਿੰਦਰ ਸਿੰਘ ‘ਜਲਾਲਪੁਰੀ’**
**ਇੰਸਪੈਕਟਰ ਸੀ.ਬੀ.ਆਈ.,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

**ਆਪਣੀ ਬੁਰਾਈ ਸੁਣਨ ਦੀ ਹਿੰਮਤ ਪੈਦਾ ਕਰੋ। ਲੋਕ ਤੁਹਾਡੀ ਬੁਰਾਈ ਕਰਨੋਂ ਕਦੇ ਬਾਜ਼ ਨਹੀਂ ਆਉਣਗੇ।**

# अनमोल वचन

1. अपनी गलती मान लेना ही महान चरित्र का लक्षण है।
2. समय विपरीत होने पर धैर्य न छोड़ो।
3. प्रयत्नशील मनुष्य हमेशा आगे बढ़ता है।
4. क्रोध मूर्खता से उत्पन्न और पश्चाताप से समाप्त होता है।
5. एक अच्छी माता सौ शिक्षकों के समान है।
6. किसी व्यक्ति को इतना गरीब भी नहीं होना चाहिए कि वह दूसरों को मुस्कान रुपी उपहार भी न दे सके।
7. जिंदगी में विशेषता की बात यह नहीं कि मेरे पास क्या है? अहमयित की बात तो यह है कि मैं क्या हूँ?
8. घृणा को अपने दिल में स्थान मत दो, क्योंकि घृणा एक विष है जो सारे शुभ गुणों को नष्ट कर डालता है।

**सतेन्द्र सिंह**

## किस के दिल में क्या है?

| | | | |
|---|---|---|---|
| 1. | माँ के दिल में | - | ममता |
| 2. | पिता के दिल में | - | कर्तव्य |
| 3. | बहन के दिल में | - | स्नेह |
| 4. | भाई के दिल में | - | प्यार |
| 5. | अमीर के दिल में | - | घमण्ड |
| 6. | गरीब के दिल में | - | दर्द |
| 7. | सज्जन के दिल में | - | नम्रता |
| 8. | गुरु के दिल में | - | ज्ञान |

## शेयर

अमीर की आँख रोती है,
दिल रोता है गरीब का,
इसमें किसी का क्या दोष
सारा खेल है नसीब का॥

मेरी यादों को मुझसे मत छीनो,
यही तो मेरे जीवन का एक अंग है,
एक मेरा ही जीवन कोरा काग़ज़,
वैसे दुनियां में बहुत रंग है।

**गीतिका**

**आज का युवा वर्ग एक ऐसी नामुराद बीमारी की चपेट में आता जा रहा है जिस को हम 'नशा' कहते हैं। आज समय की यह सबसे बड़ी समस्या उभर कर सामने आ रही है। अतः इस 'नशा' रुपी बिमारी से निजात पाने के लिए समाज के हर व्यक्ति को आगे आना होगा। माता-पिता से लेकर शिक्षकों तक। घर में माता-पिता और स्कूल व कालेज में शिक्षकों को युवाओं को इस के लिए चेतान्य करना होगा। बच्चों में खेल-कूद की भावना पैदा करनी होगी तांकि व शरीरिक तौर पर फिट रहे। सरकार को भी नशा सपलाई करने वालों को सख़्ती से पकड़ना होगा तांकि आने वाली पीढ़ी को बचाइया जा सके। इस के लिए हम सभी को बहुत मेहनत करने की आवश्यकता है नहीं तो आने वाला समय बहुत भयंकर स्थिति उत्पन्न कर देगा।**

**आओ हम सब मिल कर 'नशा विरोधी' आन्दोलन चला कर अपनी आने वाली पीढ़ी को बचाये और इस यत्न को आगे बढ़ा कर युवाओं में पनप रही नशा-प्रवृत्ति को रोक कर देश का उद्धार करें।**

**प्रो. कुलवंत कौर**



# MATRIMONIAL



**GURSIKH PROFESSIONAL MATCH FOR LOBANA ARMY OFFICER NOV 1996/175 CM, FATHER BROTHER & SISTER-IN-LAW ARMY OFFICERS. MOTHER AN EDUCATIONIST. SETTLED IN MOHALI. BELIEVES IN RELIGIOUS AND CULTURAL TRADITIONS WITH PROGRESSIVE OUTLOOK TOWARDS MODERN DAY LIFESTYLE. CONTACT – FATHER: 9582263853, MOTHER: 9582263869**

* * * * *

**SEEKING MATCH FOR LOBANA SIKH GIRL 28.12.1996, 5'4'', MBBS FROM GOVT. COLLEGE, PATIALA & MS GENERAL SURGARY PG FROM ADESH COLLEGE, BATHINDA. FATHER MSC AND MOTHER GOVT. TEACHER, ZIRAKPUR. BOY WILL BE PREFERRED FROM THE SAME FIELD.CONTACT – 7986902157,9779977035**

* * * * *

**SEEKING MATCH FOR SIKH LOBANA GIRL STATE/CENTER GOVT. EMPLOYEE, B. A. L. L. B, APRIL 1997, 5'-5'', WORKING AS LEGAL ASSISTANT, PUNJAB GOVT. AT CHANDIGARH. CONTACT: 98139-24411**

* * * * *

**LUBANA SIKH BOY DEC'92, 5.11FT. BE MBA, SR. MANAGER MNC DELHI, REQUIRED QUALIFIED. WORKING GIRL CAST NO BAR. 9417145424, 8360907886**

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਫਰਵਰੀ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ: ਪਰਮਜੀਤ ਸਿੰਘ ਪਾਲੀਆ | 484 | 2100/- | 04.02.2025 |
| | ਮ.ਨੰ: 763, ਸੈਕਟਰ 40ਏ, ਚੰਡੀਗੜ੍ਹ। | | | |
| | (ਆਪਣੇ ਸਵਰਗਵਾਸੀ ਮਾਤਾ-ਪਿਤਾ ਜੀ ਦੀ ਯਾਦ ਵਿਚ ਭਵਨ ਨੂੰ ਦਾਨ ਕੀਤੇ।) | | | |
| 2. | ਪੰਡਿਤ ਰਾਮ ਕੁਮਾਰ | 485 | 500/- | 12.02.2025 |
| | ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | | | |
| 3. | ਸ. ਰਵਿੰਦਰ ਸਿੰਘ | 486 | 200/- | 12.02.2025 |
| | ਗੁਰੂ ਘਰ ਮੁੱਖ ਸੇਵਾਦਾਰ | | | |
| | ਮ.ਨੰ: 2092, ਸੈਕਟਰ-45, ਚੰਡੀਗੜ੍ਹ। | | | |
| 4. | ਸ. ਸੁਰਿੰਦਰ ਸਿੰਘ | 487 | 200/- | 12.02.2025 |
| | ਮ.ਨੰ: 3040, ਸੈਕਟਰ-47, ਚੰਡੀਗੜ੍ਹ। | | | |
| 5. | ਸ. ਦਰਬਾਰਾ ਸਿੰਘ | 488 | 200/- | 12.02.2025 |
| | ਮ.ਨੰ: 130, ਸੈਕਟਰ-46ਏ, ਚੰਡੀਗੜ੍ਹ। | | | |
| 6. | ਕਰਨਲ ਗੁਰਦੀਪ ਸਿੰਘ (ਰਿਟਾ.) | 489 | 500/- | 12.02.2025 |
| | ਵੀ.ਪੀ. (ਹੈ.ਕੁ.) | | | |
| | ਮ.ਨੰ: 62, ਸੈਕਟਰ-71, ਮੋਹਾਲੀ। | | | |
| 7. | ਸ. ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ | 490 | 200/- | 12.02.2025 |
| | ਮ.ਨੰ: 2354, ਫ਼ੇਸ-10, ਮੋਹਾਲੀ। | | | |
| 8. | ਸ. ਦਲੀਪ ਸਿੰਘ | 491 | 500/- | 12.02.2025 |
| | ਭਾਖੜਾ ਐਨਕਲੇਵ, ਪਟਿਆਲਾ। | | | |
| 9. | ਸ. ਚਰਨਜੀਤ ਸਿੰਘ | 492 | 200/- | 12.02.2025 |
| | ਐਚ.ਐਲ.-600, ਫ਼ੇਸ-9, ਮੋਹਾਲੀ। | | | |
| 10. | ਸ. ਇੰਦਰਜੀਤ ਸਿੰਘ | 493 | 500/- | 12.02.2025 |
| | ਮ.ਨੰ: 415, ਸੈਕਟਰ-100, ਐਸ.ਏ.ਐਸ. ਨਗਰ। | | | |
| 11. | ਸ. ਹਰਨੂਰ ਸਿੰਘ | 494 | 100/- | 12.02.2025 |
| | ਮ.ਨੰ: 1239, ਸੈਕਟਰ-23ਬੀ, ਚੰਡੀਗੜ੍ਹ। | | | |
| 12. | ਸਰਦਾਰਨੀ ਅਵਨੀਤ ਕੌਰ | 495 | 100/- | 12.02.2025 |
| | ਮ.ਨੰ: 1239, ਸੈਕਟਰ-23ਬੀ, ਚੰਡੀਗੜ੍ਹ। | | | |

| | | | | |
|---|---|---|---|---|
| 13. | ਸ. ਬਲਵੀਰ ਸਿੰਘ<br>ਮ.ਨੰ: 153, ਸੈਕਟਰ-26, ਚੰਡੀਗੜ੍ਹ।<br>(ਆਨੰਦ ਕਾਰਜ ਕਰਵਾਉਣ ਵਜੋਂ ਭਵਨ ਨੂੰ ਭੇਂਟ ਕੀਤੇ।) | 496 | 2100/- | 12.02.2025 |
| 14. | ਸ. ਅਵਤਾਰ ਸਿੰਘ<br>ਡੀ.ਐਸ.ਪੀ.(ਰਿਟਾ.)<br>ਮ.ਨੰ: 17, ਰਮਨੀਕ ਨਗਰ, ਮਾਡਲ ਟਾਊਨ, ਜਲੰਧਰ। | 497 | 500/- | 17.02.2025 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

**ਇਨਸਾਨ ਉਦੋਂ ਸਮਝਦਾਰ ਨਹੀਂ ਹੁੰਦਾ ਜਦੋਂ ਉਹ ਵੱਡੀਆਂ-ਵੱਡੀਆਂ ਗੱਲਾਂ ਸਮਝਣ ਲੱਗ ਪਏ, ਸਗੋਂ ਉਦੋਂ ਸਮਝਦਾਰ ਹੁੰਦਾ ਹੈ ਜਦੋਂ ਉਹ ਛੋਟੀਆਂ-ਛੋਟੀਆਂ ਗੱਲਾਂ ਨੂੰ ਸਮਝਣ ਲੱਗ ਪਏ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms*<br>*Four Single Bed* |
| *Main Hall, A.C*<br>*Capacity 400 Persons* | *Mini Hall, A.C*<br>*Capacity 150-200 Persons* |
| *Main Auditorium, A.C*<br>*Capacity 450 Persons* | *Mini Auditorium, A.C*<br>*Capacity 150 Persons* |
| *Basement Hall*<br>*350-400 Persons* | *Conference Hall, A.C*<br>*Capacity 25 Persons* |

**24x7 Catering Service Available**

For Booking Contact :-
98768-11137, 73470-65188



S. Bhagwan Singh Lubana , President BMSLF CHD, S. Sukhwant Singh General Manager (Retd.) and S. Surjit Singh (Sr. Manager Retd.), finance secretary BMSLF CHD with Dr. Surjit Singh MS Ortho and Dr. Sirpuneet Singh MS Ortho at Dr. Surjit Singh hospital, Roop Nagar.



The management of BMSL Foundation congratulated Smt. Harpreet Kaur Babla becoming Mayor of Chandigarh today at her office Chandigarh.



ਉੱਘੇ ਚਿੰਤਕ ਅਤੇ ਲਿਖਾਰੀ ਸ. ਹਰਬਖ਼ਸ਼ ਸਿੰਘ ਟਾਹਲੀ ਯੂ.ਐਸ.ਏ. ਵੱਲੋਂ ਲਿਖਤ ਪੁਸਤਕ 'ਅਜੋਕਾ ਲੁਬਾਣਾ ਸੰਸਾਰ' ਦੀ ਘੁੰਡ ਚੁਕਾਈ ਕਰਦੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਅਤੇ ਬਰਾਦਰੀ ਦੀਆਂ ਹੋਰ ਅਹਿਮ ਸਖ਼ਸ਼ੀਅਤਾਂ।

## ਲੁਬਾਣਾ ਬਰਾਦਰੀ ਦੀਆਂ ਮਾਣਮੱਤੀਆਂ ਸਖ਼ਸ਼ੀਅਤਾਂ

ਸ. ਦਲਵਿੰਦਰਜੀਤ ਸਿੰਘ ਆਈ.ਏ.ਐਸ. ਨੂੰ ਜ਼ਿਲ੍ਹਾ ਗੁਰਦਾਸਪੁਰ ਦਾ, ਅੰਕੁਰਜੀਤ ਸਿੰਘ ਆਈ.ਏ.ਐਸ. ਨੂੰ ਜ਼ਿਲ੍ਹਾ ਨਵਾਂਸ਼ਹਿਰ ਦਾ ਡਿਪਟੀ ਕਮਿਸ਼ਨਰ ਅਤੇ ਸ. ਗੁਰਮੀਤ ਸਿੰਘ ਪੀ.ਪੀ.ਐਸ. ਨੂੰ ਪੁਲਿਸ ਮੁਖੀ (ਰੂਰਲ) ਜ਼ਿਲ੍ਹਾ ਜਲੰਧਰ ਦੀ ਜ਼ਿੰਮੇਵਾਰੀ ਮਿਲਣ 'ਤੇ ਸਮੁੱਚੀ ਬਰਾਦਰੀ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਬਹੁਤ-ਬਹੁਤ ਮੁਬਾਰਕਾਂ ਅਤੇ ਸ਼ੁਭ ਇਛਾਵਾਂ।



DALWINDERJIT SINGH IAS



ANKURJEET SINGH IAS



GURMEET SINGH PPS

Postal No. - Jallandhar Vide No. L-4/PB/JL-0196/2024-2026



ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ
ਵਿਖੇ ਮਿਤੀ 12.02.2025 ਨੂੰ ਸੰਗਰਾਂਦ ਬੜੇ ਹੀ
ਸ਼ਰਧਾ ਅਤੇ ਪ੍ਰੇਮਭਾਵ ਨਾਲ ਮਨਾਈ ਗਈ।



# ਮਿਤੀ 17-02-2025 ਦਿਨ ਸੋਮਵਾਰ ਵਰਕਿੰਗ ਕਮੇਟੀ ਦੀ ਮੀਟਿੰਗ ਬਾਬਾ ਮੱਖਨ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਹੋਈ

